# ਸੈਨਤ, ਗੁਰੂ ਨਾਨਕ ਦੇ ਪੈਂਡਿਆਂ ਦੀ ਰੂਹਾਨੀ ਛਾਪ

## ਐਪੀਸੋਡ ੧: ਅਗੋਚਰ (ਅਣਦੇਖੇ ਨੂੰ ਦੇਖਣਾ)

'ਅਗੋਚਰ', 'ਅਣਦੇਖੇ ਨੂੰ ਦੇਖਣਾ' ਦਿਸਦੇ ਅਤੇ ਅਣਦਿਸਦੇ ਪਾਣੀਆਂ ਦਾ ਸੰਗਮ। ਰਮਜ਼ਾਂ ਖੋਲ੍ਹਣ ਦਾ ਹੌਸਲਾ ਵਰਤਾਉਂਦੇ ਹੋਏ ਗੁਰੂ ਨਾਨਕ, ਮਨੁੱਖ ਨੂੰ ਆਪਣੇ ਅੰਦਰ ਵਗਦੇ ਵਹਿਣ ਨਾਲ ਰਾਬਤਾ ਬਣਾਉਣ ਦੀ ਪ੍ਰੇਰਨਾ ਦਿੰਦੇ ਹਨ। ਇਹ ਗੁਰੂ ਨਾਨਕ ਦੇ ਸਮਕਾਲੀ ਸੰਤ ਨੂੰ ਸਿਜਦਾ ਹੈ ਜੋ ਇੱਕ ਬਦਸ਼ਗਨੇ ਪਿੰਡ ਵਿੱਚ ਆਪਣੇ ਨਿਵਾਸ ਤੋਂ ਸਮਾਜ ਵਿੱਚ ਜੁਝਾਰੂ ਜਜ਼ਬਾ ਪੈਦਾ ਕਰਦੇ ਹਨ।

'ਅਗੋਚਰ', 'ਅਣਦੇਖੇ ਨੂੰ ਦੇਖਣਾ' ਦਿਸਦੇ ਅਤੇ ਅਣਦਿਸਦੇ ਪਾਣੀਆਂ ਦਾ ਸੰਗਮ। ਰਮਜ਼ਾਂ ਖੋਲ੍ਹਣ ਦਾ ਹੌਸਲਾ ਵਰਤਾਉਂਦੇ ਹੋਏ ਗੁਰੂ ਨਾਨਕ, ਮਨੁੱਖ ਨੂੰ ਆਪਣੇ ਅੰਦਰ ਵਗਦੇ ਵਹਿਣ ਨਾਲ ਰਾਬਤਾ ਬਣਾਉਣ ਦੀ ਪ੍ਰੇਰਨਾ ਦਿੰਦੇ ਹਨ। ਇਹ ਗੁਰੂ ਨਾਨਕ ਦੇ ਸਮਕਾਲੀ ਸੰਤ ਨੂੰ ਸਿਜਦਾ ਹੈ ਜੋ ਇੱਕ ਬਦਸ਼ਗਨੇ ਪਿੰਡ ਵਿੱਚ ਆਪਣੇ ਨਿਵਾਸ ਤੋਂ ਸਮਾਜ ਵਿੱਚ ਜੁਝਾਰੂ ਜਜ਼ਬਾ ਪੈਦਾ ਕਰਦੇ ਹਨ।

ਸੁਣਿ ਵਡਾ ਆਖੈ ਸਭੁ ਕੋਇ॥
ਕੇਵਡੁ ਵਡਾ ਡੀਠਾ ਹੋਇ॥
ਕੀਮਤਿ ਪਾਇ ਨ ਕਹਿਆ ਜਾਇ॥
ਕਹਣੈ ਵਾਲੇ ਤੇਰੇ ਰਹੇ ਸਮਾਇ॥
(ਰਾਗ ਆਸਾ, ਗੁਰੂ ਨਾਨਕ)

ਸਿਰਜਣਹਾਰ ਦੀ ਵਡਿਆਈ ਸੁਣ ਕੇ ਸਭ ਉਸ ਦੀ ਗੱਲ ਕਰਦੇ ਹਨ।
ਸਿਰਜਣਹਾਰ ਦੀ ਵਡਿਆਈ ਦਾ ਅੰਦਾਜ਼ਾ ਕਿਵੇਂ ਹੋ ਸਕਦਾ ਹੈ?
ਉਸ ਦੀ ਕਦਰਿ-ਕੀਮਤ ਅਕਹਿ ਅਤੇ ਅਥਾਹ ਹੈ।
ਇਹ ਬਿਆਨ ਕਰਨ ਦੇ ਸਮਰੱਥ ਜੀਅ ਤਾਂ ਉਸ ਦੇ ਗੁਣਾਂ ਵਿੱਚ ਹੀ ਸਮਾਏ ਰਹਿੰਦੇ ਹਨ।
(ਰਾਗ ਆਸਾ, ਗੁਰੂ ਨਾਨਕ)

ਬਹੁਤ ਸਾਰੇ ਲੋਕ ਅਕਾਲ ਪੁਰਖ ਦੀ ਵਡਿਆਈ ਦੀਆਂ ਮਹਿਜ਼ ਗੱਲਾਂ ਕਰਦੇ ਹਨ। ਉਸ ਦੀ ਵਿਸ਼ਾਲਤਾ ਦਾ ਝਲਕਾਰਾ ਪਾਉਣ ਵਾਲੇ ਮਨੁੱਖ ਇੱਕ ਕਦਮ ਅੱਗੇ ਜਾਂਦੇ ਹਨ ਅਤੇ ਅਮਲਾਂ ਰਾਹੀਂ ਉਸ ਨਾਲ ਇੱਕ-ਮਿੱਕ ਹੋ ਜਾਂਦੇ ਹਨ।

ਅਯੋਧਿਆ ਤੋਂ ਅਸੀਂ ਗੁਰੂ ਨਾਨਕ ਦੇ ਪਦਚਿੰਨ੍ਹਾਂ ਤੋਂ ਥੋੜ੍ਹਾ ਵਲ਼ ਪਾ ਕੇ ਮਗਹਰ ਜਾ ਰਹੇ ਹਾਂ ਤਾਂ ਜੋ ਭਗਤ ਕਬੀਰ ਦੀਆਂ ਯਾਦਾਂ ਦੀ ਪਟਾਰੀ ਫਰੋਲੀ ਜਾ ਸਕੇ। ਭਗਤ ਕਬੀਰ ਦਾ ਫ਼ਲਸਫ਼ਾ ਗੁਰੂ ਨਾਨਕ ਨਾਲ ਮੇਲ਼ ਖਾਂਦਾ ਹੈ।

ਭਗਤ ਕਬੀਰ ਦਾ ਹਿੰਦੂ ਅਤੇ ਮੁਸਲਮਾਨ ਫ਼ਿਰਕਿਆਂ ਉੱਤੇ ਇੰਨਾ ਅਸਰ ਸੀ ਕਿ ਉਨ੍ਹਾਂ ਦੀ ਯਾਦ ਵਿੱਚ ਇੱਕੋ ਅਸਥਾਨ ਅੰਦਰ ਮੰਦਿਰ ਵੀ ਬਣਿਆ ਹੈ ਅਤੇ ਮਜ਼ਾਰ ਵੀ। ਉਹ ਇਸ ਅਸਥਾਨ ਉੱਤੇ ਫ਼ਾਨੀ ਸੰਸਾਰ ਤੋਂ ਵਿਦਾ ਹੋਏ ਸਨ। ਸਮਕਾਲੀ ਦੌਰ ਵਿੱਚ ਫ਼ਿਰਕਿਆਂ ਦੀ ਪਾਲਾਬੰਦੀ ਮਜ਼ਬੂਤ ਹੋ ਰਹੀ ਹੈ ਪਰ ਇਹ ਅਸਥਾਨ ਅਨੇਕਤਾ ਵਿੱਚ ਏਕਤਾ ਦੀ ਨੁਮਾਇੰਦਗੀ ਕਰਦਾ ਹੈ।

ਭਗਤ ਕਬੀਰ ਭਗਤੀ ਲਹਿਰ ਦੇ ਇਨਕਲਾਬੀ ਸੰਤਾਂ ਵਿੱਚੋਂ ਸਭ ਤੋਂ ਵੱਧ ਹਵਾਲਾ ਦਿੱਤੇ ਜਾਣ ਵਾਲਿਆਂ ਵਿੱਚ ਸ਼ਾਮਿਲ ਹਨ। ਉਹ ਨਿਮਾਣੇ ਪਿਛੋਕੜ ਵਾਲੇ ਜੁਲਾਹਾ ਪਰਿਵਾਰ ਤੋਂ ਸਨ ਅਤੇ ਤਵਾਰੀਖ ਵਿਚ ਇਕ ਇਨਕਲਾਬੀ ਸ਼ਖਸੀਅਤ ਮੰਨੇ ਗਏ ਹਨ। ਮੌਜੂਦਾ ਦੌਰ ਵਿੱਚ ਵੀ ਉਨ੍ਹਾਂ ਦਾ ਕਲਾਮ ਸਾਹਿਤਕ ਅਧਿਐਨ ਦੇ ਵਿਸ਼ਿਆਂ ਵਿੱਚ ਸ਼ੁਮਾਰ ਹੈ। ਉਨ੍ਹਾਂ ਦਾ ਜਨਮ ਵਾਰਾਣਸੀ ਵਿੱਚ ਸੰਨ ੧੩੯੮ ਵਿੱਚ ਹੋਇਆ। ਬਚਪਨ ਵਿੱਚ ਦਸਤਬਰਦਾਰੀ ਦੀ ਹਾਲਤ ਵਿੱਚ ਭਗਤ ਕਬੀਰ ਦਾ ਪਾਲਣ-ਪੋਸ਼ਣ ਇੱਕ ਮੁਸਲਮਾਨ ਪਰਿਵਾਰ ਨੇ ਕੀਤਾ। ਨੀਰੂ ਅਤੇ ਨੀਮਾ ਪਾਲਣ ਵਾਲੇ ਮਾਪੇ ਸਨ ਜੋ ਜੁਲਾਹੇ ਦਾ ਕੰਮ ਕਰਦੇ ਸਨ। ਭਗਤ ਕਬੀਰ ਨੇ ਸਨਿਆਸ ਦੀ ਥਾਂ ਗ੍ਰਹਿਸਤ ਦਾ ਰਾਹ ਚੁਣਿਆ ਅਤੇ ਜੁਲਾਹੇ ਵਜੋਂ ਕਮਾਈ ਕਰਦੇ ਹੋਏ ਦੁਨਿਆਵੀ ਜ਼ਿੰਮੇਵਾਰੀਆਂ ਨਿਭਾਈਆਂ। ਇਸ ਦੌਰਾਨ ਉਨ੍ਹਾਂ ਦਾ ਧਿਆਨ ਰੂਹਾਨੀ ਡੂੰਘਾਣਾਂ ਵਿੱਚ ਟਿਕਿਆ ਰਹਿੰਦਾ ਸੀ।

ਭਗਤ ਕਬੀਰ ਨੇ ਜ਼ਾਹਰਾ ਜਗਤ ਤੋਂ ਉਚੇਰੀ ਰੂਹਾਨੀ ਉਡਾਨ ਭਰਨ ਲਈ ਸਵਾਮੀ ਰਾਮਾਨੰਦ ਨੂੰ ਆਪਣਾ ਰਾਹ ਦਰਸਾਵਾ ਬਣਨ ਲਈ ਮਨਾਇਆ ਜੋ ਵਾਰਾਣਸੀ ਦੇ ਉੱਚ ਕੁੱਲ ਬ੍ਰਾਹਮਣ ਸਨ।

ਭਗਤ ਕਬੀਰ ਨਾਬਰ ਸਨ। ਉਨ੍ਹਾਂ ਨੇ ਮਜ਼ਹਬੀ ਇੰਤਜ਼ਾਮੀਆ, ਮਜ਼ਹਬ ਦੀ ਅਦਾਰਾਬੰਦੀ ਅਤੇ ਕਰਮ-ਕਾਂਡ ਖ਼ਿਲਾਫ਼ ਆਵਾਜ਼ ਬੁਲੰਦ ਕੀਤੀ। ਉਨ੍ਹਾਂ ਨੂੰ ਇਹ ਖ਼ਿਆਲਾਂ ਦੀ ਘੇਰਾਬੰਦੀ ਅਤੇ ਗਿਆਨ ਪ੍ਰਾਪਤੀ ਦੇ ਰਾਹ ਦੀਆਂ ਰੋਕਾਂ ਜਾਪਦੇ ਸਨ।

**ਕਬੀਰ ਮੰਦਰ ਦੇ ਗਾਇਕ:** ਸਤਿਗੁਰ ਕਬੀਰ ਇਸ ਜੀਵਨ ਦੇ ਸਭ ਪ੍ਰਾਣੀਆਂ ਨੂੰ ਚਾਰ ਦਿਨਾਂ ਦੇ ਪਰਾਹੁਣੇ ਵਜੋਂ ਵੇਖਦੇ ਹਨ। ਉਹ ਇੱਕ ਸ਼ਬਦ ਵਿੱਚ ਪੁੱਛਦੇ ਹਨ ਕਿ ਮਨੁੱਖ ਇਨ੍ਹਾਂ ਚਾਰ ਦਿਨਾਂ ਦੀ ਮਹਿਮਾਨੀ ਦਾ ਕੀ ਕਰ ਰਿਹਾ ਹੈ? ਇਸੇ ਨਾਲ ਜੋੜ ਕੇ ਉਹ ਸੁਨੇਹਾ ਦਿੰਦੇ ਹਨ,

ਅਰੂ ਮਨ ਪਹੁਨਾ, ਗੁਰੂ ਬਿਨ ਜਈਬਾ ਕਉਨੇ ਬਾਟੀ ॥
ਇਹਾ ਤੋ ਹਿੰਦੂ, ਤੁਰੁਕੇ ਬਨੇ ਹੋ, ਬੀਚ ਭਰਮ ਕੀ ਟਾਟੀ ॥
ਅਰੂ ਸਵਾਸਾ ਇਨਕਾ ਸਵਰਗ ਸਿਧਾਰੇ ॥
(ਭਗਤ ਕਬੀਰ)

ਹੇ ਮਨਾ ਤੇਰੀ ਹਾਲਤ ਹਵਾ ਵਰਗੀ ਹੈ, ਵਿਵੇਕ ਤੋਂ ਬਿਨਾਂ ਤੂੰ ਕਿਸ ਪਾਸੇ ਲੱਗੇਂਗਾ?
ਤੂੰ ਆਪਣੀ ਸ਼ਨਾਖ਼ਤ ਹਿੰਦੂ ਜਾਂ ਮੁਸਲਮਾਨ ਤੱਕ ਮਹਿਦੂਦ ਕੀਤੀ ਹੈ ਅਤੇ ਸ਼ੰਕੇ ਵਿੱਚ ਘਿਰਿਆ ਹੈਂ।
ਇਸ ਨਾਲ ਹੋਂਦ ਵਿੱਚੋਂ ਹਸਤੀ ਮਨਫ਼ੀ ਹੋ ਜਾਂਦੀ ਹੈ।
(ਭਗਤ ਕਬੀਰ)

ਉਨ੍ਹਾਂ ਨੇ ਆਪਣੀ ਨਿਰਾਲੀ 'ਉਲਟ ਬਾਣੀ' ਦੇ ਕਟਾਖਸ਼ ਨਾਲ ਸੁਨੇਹਾ ਦਿੱਤਾ। ਉਨ੍ਹਾਂ ਦੀ ਬਾਣੀ ਇਖ਼ਲਾਕੀ ਸੁਆਲ ਪੁੱਛਦੀ ਹੈ ਪਰ ਕੋਈ ਜੁਆਬ ਨਹੀਂ ਦਿੰਦੀ। ਇਸ ਤਰ੍ਹਾਂ ਇਹ ਸਰੋਤੇ ਵਿੱਚ ਜੁਆਬ ਭਾਲਣ ਦੀ ਜਗਿਆਸਾ ਜਗਾਉਂਦੀ ਹੈ।

ਏਕੁ ਅਚੰਭਉ ਸੁਨਹੁ ਤੁਮ੍ ਭਾਈ॥
ਦੇਖਤ ਸਿੰਘੁ ਚਰਾਵਤ ਗਾਈ॥
ਕਹਤ ਕਬੀਰ ਜੁ ਇਸ ਪਦ ਬੂਝੈ॥
ਰਾਮ ਰਮਤ ਤਿਸੁ ਸਭੁ ਕਿਛੁ ਸੂਝੈ॥
(ਰਾਗ ਆਸਾ, ਭਗਤ ਕਬੀਰ)

ਓ ਭਾਈ, ਇਸ ਅਚੰਭੇ ਨੂੰ ਸੁਣ!
ਮੈਂ ਸ਼ੇਰ ਨੂੰ ਗਾਵਾਂ ਚਾਰਦੇ ਦੇਖਿਆ ਹੈ।
ਕਬੀਰ ਨੇ ਕਿਹਾ ਕਿ ਜੋ ਇਸ ਰਹੱਸਮਈ ਬੁਝਾਰਤ ਦੀ ਥਾਹ ਪਾ ਲਵੇ
ਉਹ ਰੂਹਾਨੀਅਤ ਵਿੱਚ ਰਮ ਸਕਦਾ ਹੈ ਅਤੇ ਸਭ ਕੁਝ ਦੀ ਸੋਝੀ ਹਾਸਿਲ ਕਰ ਸਕਦਾ ਹੈ।
(ਰਾਗ ਆਸਾ, ਭਗਤ ਕਬੀਰ)

ਉਹ ਚੀਜ਼ਾਂ ਨੂੰ ਪਲਟਾ ਕੇ ਉਲਟੀ ਤਰਤੀਬ ਵਿੱਚ ਦਿਲਚਸਪ ਅੰਦਾਜ਼ ਨਾਲ ਪੇਸ਼ ਕਰਦੇ ਹਨ। ਇਹ ਅੰਦਾਜ਼ ਖ਼ੂਬਸੂਰਤ ਮੰਜ਼ਰ ਸਿਰਜਦਾ ਹੈ ਅਤੇ ਰੂੜ੍ਹੀਵਾਦੀ ਸੋਚ ਨੂੰ ਸੁਆਲ ਦੇ ਘੇਰੇ ਵਿੱਚ ਲਿਆਉਂਦਾ ਹੈ। ਉਹ ਕਹਿੰਦੇ ਹਨ ਕਿ ਪਹਿਲਾਂ ਪੁੱਤ ਅਤੇ ਬਾਅਦ ਵਿੱਚ ਮਾਂ ਪੈਦਾ ਹੁੰਦੀ ਹੈ; ਸ਼ੇਰ ਅਤੇ ਗਾਵਾਂ ਇਕੱਠੇ ਚਰਦੇ ਹਨ ਅਤੇ ਗੁਰੂ ਆਪਣੇ ਪੈਰੋਕਾਰਾਂ ਦੇ ਪੈਰ ਪੈਂਦਾ ਹੈ। ਇਨ੍ਹਾਂ ਡੂੰਘੇ ਸ਼ਬਦਾਂ ਰਾਹੀਂ ਉਨ੍ਹਾਂ ਨੇ ਪੱਕੀਆਂ ਹੋ ਚੁੱਕੀਆਂ 'ਉੱਪਰ' ਅਤੇ 'ਹੇਠਾਂ', 'ਊਚ' ਅਤੇ 'ਨੀਚ', 'ਪਾਕ' ਅਤੇ 'ਨਾਪਾਕ', 'ਮਨੁੱਖ' ਅਤੇ 'ਪਸ਼ੂ' ਦੀਆਂ ਦਰਜਾਬੰਦੀਆਂ ਨੂੰ ਵੰਗਾਰਿਆ।

ਭਗਤ ਕਬੀਰ ਨੇ ਆਪਣੀ ਸਾਰੀ ਉਮਰ ਵਾਰਾਣਸੀ ਵਿੱਚ ਗੁਜ਼ਾਰਨ ਤੋਂ ਬਾਅਦ ਆਖ਼ਰੀ ਦਿਨਾਂ ਵਿੱਚ ਮਗਹਰ ਨਾਮ ਦੇ ਬੰਜਰ ਪਿੰਡ ਵਿੱਚ ਵੱਸਣ ਦਾ ਫ਼ੈਸਲਾ ਕੀਤਾ। ਇੱਕ ਮਿਥ ਮੁਤਾਬਕ ਵਾਰਾਣਸੀ ਵਿੱਚ ਮਰਨ ਅਤੇ ਅੰਤਿਮ ਸੰਸਕਾਰ ਹੋਣ ਨਾਲ 'ਮੋਕਸ਼' ਮਿਲਣਾ ਯਕੀਨੀ ਸੀ। ਮਗਹਰ ਪਿੰਡ ਵਿੱਚ ਮਰਨ ਨੂੰ 'ਮੋਕਸ਼' ਦੇ ਰਾਹ ਵਿੱਚ ਅੜਿੱਕਾ ਸਮਝਿਆ ਜਾਂਦਾ ਸੀ।

ਬੇਖ਼ੌਫ਼ ਭਗਤ ਕਬੀਰ ਨੇ ਬਿਰਧ ਉਮਰ ਵਿੱਚ ਇਸ ਭਰਮ ਨੂੰ ਫੈਲਾਉਣ ਵਾਲੇ ਮਜ਼ਹਬੀ ਇੰਤਜ਼ਾਮੀਆ ਨੂੰ ਵੰਗਾਰਿਆ। ਉਨ੍ਹਾਂ ਨੇ ਵਾਰਾਣਸੀ ਨੂੰ ਛੱਡ ਕੇ ਮਗਹਰ ਵਿੱਚ ਮਰਨਾ ਕਬੂਲ ਕੀਤਾ ਤਾਂ ਜੋ ਉਨ੍ਹਾਂ ਦੇ ਖ਼ਿਆਲ ਉਘੜਵੇਂ ਰੂਪ ਵਿੱਚ ਪੇਸ਼ ਹੋ ਸਕਣ। ਆਪਣੇ ਦੌਰ ਦੇ ਅਜਿਹੇ ਵਹਿਮਾਂ-ਭਰਮਾਂ ਨੂੰ ਤੋੜਨ ਲਈ ਉਨ੍ਹਾਂ ਅਣਥੱਕ ਉਪਰਾਲੇ ਕੀਤੇ।

ਮਗਹਰ ਤੋਂ ਬਾਅਦ ਅਸੀਂ ਵਾਰਾਣਸੀ ਅੰਦਰ ਲਹਰਤਾਰਾ ਦੇ ਕਬੀਰ ਮੱਠ ਜਾ ਰਹੇ ਹਾਂ। ਭਗਤ ਕਬੀਰ ਦੀ ਵਾਰਾਣਸੀ ਵਿੱਚ ਗੁਜ਼ਾਰੀ ਉਮਰ ਦੀ ਯਾਦ ਵਿੱਚ ਇਹ ਮਰਕਜ਼ ਬਣਾਇਆ ਗਿਆ ਹੈ।

ਹਾਡ ਜਰੇ ਜੈਸੇ ਲਾਕਰੀ, ਕੇਸ ਜਰੇ ਜੈਸੇ ਘਾਸ ॥
ਸਭ ਜਗ ਜਲਤਾ ਦੇਖ ਕੇ ਭਏ ਕਬੀਰ ਉਦਾਸ ॥
(ਭਗਤ ਕਬੀਰ)

ਮੌਤ ਤੋਂ ਬਾਅਦ ਹੱਡੀਆਂ ਲੱਕੜਾਂ ਅਤੇ ਕੇਸ ਘਾਹ ਵਾਂਗ ਜਲ਼ ਜਾਂਦੇ ਹਨ।
ਕਬੀਰ ਸਾੜੇ ਦੀ ਅੱਗ ਵਿੱਚ ਜਲ਼ਦੇ ਜਗਤ ਨੂੰ ਦੇਖ ਕੇ ਉਦਾਸ ਹੁੰਦੇ ਹਨ।
(ਭਗਤ ਕਬੀਰ)

ਗੁਰੂ ਨਾਨਕ ਅਤੇ ਭਗਤ ਕਬੀਰ ਦੀ ਬਾਣੀ ਵਿੱਚ ਸਾਂਝ ਹੈ। ਇਨ੍ਹਾਂ ਦੋਵਾਂ ਨੇ ਬੁੱਤਪ੍ਰਸਤੀ ਅਤੇ ਮੂਰਤਪ੍ਰਸਤੀ ਦੀ ਥਾਂ ਤਜਰਬੇ ਰਾਹੀਂ ਵਿਵੇਕ ਦੀ ਪ੍ਰਾਪਤੀ ਅਤੇ ਦੀਨਦਾਰੀ ਨੂੰ ਤਰਜੀਹ ਦਿੱਤੀ। ਇਸ ਦੇ ਬਾਵਜੂਦ ਅਸੀਂ ਦੇਖਦੇ ਹਾਂ ਕਿ ਮੌਜੂਦਾ ਦੌਰ ਵਿੱਚ ਇਨ੍ਹਾਂ ਸੰਤਾਂ ਦੇ ਫ਼ਲਸਫ਼ੇ ਨੂੰ ਲਾਗੂ ਕਰਨ ਦੀ ਥਾਂ ਇਨ੍ਹਾਂ ਦੀਆਂ ਮੂਰਤਾਂ ਦੀ ਸ਼ਰਧਾ ਜ਼ਿਆਦਾ ਹੈ।

ਕਹਤ ਕਬੀਰ ਸੁਨੋ ਭਾਈ ਸਾਧੋ, ਸਤਗੁਰੂ ਨਾਮ ਠਿਕਾਨਾ ਹੈ ॥
ਰਹਨਾ ਨਹੀਂ ਦੇਸ, ਬਿਰਾਨਾ ਹੈ ॥ ਏਹ ਦੇਸ ਬਿਰਾਨਾ ਹ ॥
(ਭਗਤ ਕਬੀਰ)

ਕਬੀਰ ਕਹਿੰਦੇ ਹਨ ਸੁਨੋ ਰੇ ਸਾਧੋ ਸੱਚੀ ਸੋਚ-ਵਿਚਾਰ ਹੀ ਠਿਕਾਣਾ ਬਣਦੀ ਹੈ।
ਇਸ ਦੁਨੀਆ ਵਿੱਚ ਕਿਸੇ ਨੇ ਨਹੀਂ ਰਹਿਣਾ। ਠਹਸਿ ੋਰਲਦ ਸਿ ੳ ਡੋਰੲਗਿਨ ਲੳਨਦ।
ਇਹ ਦੁਨੀਆ ਬੇਗਾਨਾ ਦੇਸ ਹੈ।
(ਭਗਤ ਕਬੀਰ)

ਭਗਤ ਕਬੀਰ ਅਤੇ ਗੁਰੂ ਨਾਨਕ ਸਮਕਾਲੀ ਸਨ ਅਤੇ ਕਈ 'ਜਨਮਸਾਖੀਆਂ' ਦੀਆਂ ਕਲਾ ਕਿਰਤਾਂ ਵਿੱਚ ਉਨ੍ਹਾਂ ਨੂੰ ਗੋਸ਼ਟਿ ਕਰਦੇ ਦਿਖਾਇਆ ਗਿਆ ਹੈ ਪਰ ਉਨ੍ਹਾਂ ਦੇ ਮੇਲ ਦੀ ਕੋਈ ਗਵਾਹੀ ਨਹੀਂ ਹੈ। ਭਗਤ ਕਬੀਰ ਦੇ ਸ਼ਬਦਾਂ ਦਾ ਗੁਰੂ ਗ੍ਰੰਥ ਸਾਹਿਬ ਵਿੱਚ ਸ਼ਾਮਿਲ ਹੋਣਾ ਗਵਾਹੀ ਭਰਦਾ ਹੈ ਕਿ ਉਨ੍ਹਾਂ ਦੇ ਫ਼ਲਸਫ਼ੇ ਵਿੱਚ ਮੇਲ ਸੀ।

**ਮਹੰਤ ਵੀਚਾਰ ਦਾਸ:** ਬਹੁਤ ਸਾਰੇ ਲੋਕ ਮੰਨਦੇ ਹਨ ਕਿ ਕਬੀਰ ਸਾਹਿਬ ਅਤੇ ਗੁਰੂ ਸਾਹਿਬ ਦਾ ਮੇਲ ਕਈ ਵਾਰ ਹੋਇਆ। ਸਮਾਜ ਵਿੱਚ ਉਚ-ਨੀਚ ਅਤੇ ਭੇਦ-ਭਾਵ ਕਾਇਮ ਸੀ। ਦੋਵਾਂ ਗੁਰੂਆਂ ਨੇ ਸਮਾਜ ਨੂੰ ਸੁਧਾਰਨ ਦਾ ਜ਼ੋਰਦਾਰ ਉਪਰਾਲਾ ਕੀਤਾ।

ਇਹ ਸੰਸਾਰ ਔਸ ਕਾ ਬੁੰਦਾ ॥
ਪਵਨ ਲਗੇ ਝੜ ਜਾਨਾ ਹੈ ॥
ਰਹਨਾ ਨਹੀ ਦੇਸ, ਬਿਰਾਨਾ ਹੈ ॥
ਏਹ ਦੇਸ ਬਿਰਾਨਾ ਹੈ ॥

(ਭਗਤ ਕਬੀਰ)

ਇਹ ਸੰਸਾਰ ਤ੍ਰੇਲ ਦਾ ਤੁਪਕਾ ਮਾਤਰ ਹੈ
ਜਿਸ ਨੇ ਹਵਾ ਦੇ ਬੁੱਲੇ ਨਾਲ ਝੜ ਜਾਣਾ ਹੈ।
ਇਸ ਦੁਨੀਆ ਵਿੱਚ ਕਿਸੇ ਨੇ ਨਹੀਂ ਰਹਿਣਾ।
ਇਹ ਦੁਨੀਆ ਬੇਗਾਨਾ ਦੇਸ ਹੈ।
ਇਹ ਦੁਨੀਆ ਬੇਗਾਨਾ ਦੇਸ ਹੈ।
(ਭਗਤ ਕਬੀਰ)

**ਮਹੰਤ ਵੀਚਾਰ ਦਾਸ:** ਸਾਹਿਬ ਦਾ ਉਪਦੇਸ਼ ਸੀ ਕਿ ਮਨੁੱਖ ਆਪਣੇ ਗੁਣਾਂ ਉੱਤੇ ਟੇਕ ਰੱਖੇ ਕਿਉਂਕਿ ਇਸ ਮਾਸ ਨੇ ਕਿਸੇ ਕੰਮ ਨਹੀਂ ਆਉਣਾ। ਇਸ ਲਈ ਅਵਗੁਣਾਂ ਨੂੰ ਛੱਡ ਕੇ ਗੁਣਾਂ ਦਾ ਪਸਾਰਾ ਕਰੋ। ਸਮਾਜ ਦੇ ਭਲੇ ਲਈ ਕੰਮ ਕਰੋ। ਹਰ ਤਰ੍ਹਾਂ ਦੀ ਊਚ-ਨੀਚ ਤੋਂ ਉੱਪਰ ਉੱਠ ਕੇ ਆਪਣੇ ਰੂਹਾਨੀ ਆਪੇ ਦੀ ਪਛਾਣ ਕਰੋ, ਇਹੋ ਮਨੁੱਖਾ ਹੋਂਦ ਦਾ ਟੀਚਾ ਹੈ।

ਗੁਰੂ ਨਾਨਕ ਅਤੇ ਭਗਤ ਕਬੀਰ ਅਕਸਰ ਤਸ਼ਬੀਹਾਂ ਵਿੱਚ ਗੱਲ ਕਰਦੇ ਸਨ। ਬਰੇ-ਸਗੀਰ ਦੇ ਗ੍ਰੰਥਾਂ ਵਿੱਚ ਦੋ ਜ਼ਮਾਨਿਆਂ ਦਾ ਜ਼ਿਕਰ ਆਉਂਦਾ ਹੈ, 'ਸਤਿਯੁੱਗ' ਲੰਘ ਚੁੱਕਿਆ ਚੰਗਿਆਈਆਂ ਦਾ ਜ਼ਮਾਨਾ ਹੈ ਅਤੇ 'ਕਲਯੁੱਗ' ਅਵਗੁਣਾਂ ਦਾ ਸਮਕਾਲੀ ਦੌਰ ਹੈ। ਗੁਰੂ ਨਾਨਕ ਅਤੇ ਭਗਤ ਕਬੀਰ ਲਈ ਇਹ ਜ਼ਮਾਨੇ ਕਿਸੇ ਕ੍ਰਮਵਾਰ ਲੜੀ ਵਿੱਚ ਨਹੀਂ ਬੱਝੇ ਸਨ ਸਗੋਂ ਮਨ ਦੀ ਹਾਲਤ ਦਾ ਸੰਕੇਤਕ ਇਜ਼ਹਾਰ ਸਨ। ਜਦੋਂ ਮਨ ਚੜ੍ਹਦੀ ਕਲਾ ਵਿੱਚ ਉਸਾਰੂ ਸੋਚ ਨਾਲ ਭਰਿਆ ਹੈ ਤਾਂ ਇਹ 'ਸਤਿਯੁੱਗ' ਹੈ। ਇਸੇ ਤਰ੍ਹਾਂ ਮਨ ਉੱਤੇ ਮਾੜੀ ਸੋਚ ਭਾਰੂ ਹੈ ਤਾਂ ਇਹ 'ਕੱਲਯੁੱਗ' ਹੈ।

ਕਲੀ ਅੰਦਰਿ ਨਾਨਕਾ ਜਿੰਨਾ ਦਾ ਅਉਤਾਰੁ॥
(ਰਾਗੁ ਬਿਹਾਗੜਾ, ਗੁਰੂ ਨਾਨਕ)

ਜਦੋਂ ਰੂਹਾਨੀ ਕਲੇਸ਼ ਦਾ ਕਾਲਾ ਦੌਰ ਹੁੰਦਾ ਹੈ, ਨਾਨਕ ਨੇ ਆਖਿਆ ਕਿ ਤਾਂ ਨਾਂਹ-ਪੱਖੀ ਸੋਚ ਸਾਡੇ ਉੱਤੇ ਭਾਰੂ ਹੋ ਜਾਂਦੀ ਹੈ।
(ਰਾਗੁ ਬਿਹਾਗੜਾ, ਗੁਰੂ ਨਾਨਕ)

ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਅਯੋਧਿਆ ਤੋਂ ਬਾਅਦ ਨਿਜ਼ਾਮਾਬਾਦ ਅਤੇ ਪ੍ਰਯਾਗਰਾਜ ਦਾ ਸਫ਼ਰ ਕੀਤਾ।

ਅਯੋਧਿਆ ਵਿੱਚ ਘਾਗਰਾ ਨਦੀ ਦੇ ਕੰਢੇ ਤੋਂ ਕਿਸ਼ਤੀ ਵਿੱਚ ਉਨ੍ਹਾਂ ਨੇ ਪੂਰਬੀ ਪਾਸੇ ਨੂੰ ਚਾਲੇ ਪਾ ਦਿੱਤੇ ਅਤੇ ਮੌਜੂਦਾ ਉੱਤਰ ਪ੍ਰਦੇਸ਼ ਦੇ ਸ਼ਹਿਰ ਟਾਂਡਾ ਵਿੱਚ ਉੱਤਰੇ ਅਤੇ ਅੱਗੇ ਨਿਜ਼ਾਮਾਬਾਦ ਜਾਣ ਲਈ ਪੈਦਲ ਚਾਲੇ ਪਾ ਦਿੱਤੇ।

ਗੁਰੂ ਨਾਨਕ ਦੇ ਪਦਚਿਨ੍ਹਾਂ ਉੱਤੇ ਅਸੀਂ ਅਯੋਧਿਆ ਤੋਂ ਨਿਜ਼ਾਮਾਬਾਦ ਜਾ ਰਹੇ ਹਾਂ ਜੋ ਉੱਤਰ ਪ੍ਰਦੇਸ਼ ਦੇ ਆਜ਼ਮਗੜ੍ਹ ਜ਼ਿਲ੍ਹੇ ਦਾ ਕਸਬਾ ਹੈ।

ਨਿਜ਼ਾਮਾਬਾਦ ਤਮਸਾ ਨਦੀ ਦੇ ਕੰਢੇ ਹੈ ਜੋ ਹੁਣ ਧਾਰ ਮਾਤਰ ਰਹਿ ਗਈ ਹੈ। ਇਸ ਕਸਬੇ ਦਾ ਨਾਮ ਜੌਨਪੁਰ ਦੇ ਜਨਰਲ ਨਿਜ਼ਾਮ-ਉਦ-ਦੀਨ ਦੇ ਨਾਮ ਉੱਤੇ ਨਿਜ਼ਾਮਾਬਾਦ ਪਿਆ।

ਨਿਰਮਲਾ ਸੰਪ੍ਰਦਾਇ ਦੇ ਉੱਨ੍ਹੀਵੀਂ ਸਦੀ ਦੇ ਵਿਦਵਾਨ ਪੰਡਿਤ ਤਾਰਾ ਸਿੰਘ ਨਿਰੋਤਮ ਨੇ 'ਗੁਰ ਤੀਰਥ ਸੰਗ੍ਰਹਿ' ਵਿੱਚ ਲਿਖਿਆ ਹੈ ਕਿ ਅਯੋਧਿਆ ਤੋਂ ਪ੍ਰਯਾਗਰਾਜ ਜਾਂਦੇ ਹੋਏ ਗੁਰੂ ਨਾਨਕ ਨਿਜ਼ਾਮਾਬਾਦ ਰਾਹੀਂ ਗਏ।

ਨਿਜ਼ਾਮਾਬਾਦ ਪਿੰਡ ਵਿੱਚ ਪਹਿਲਾਂ ਅਸੀਂ ਗੁਰਦਵਾਰਾ ਚਰਨ ਪਾਦੁਕਾ ਜਾ ਰਹੇ ਹਾਂ।

ਤਮਸਾ ਨਦੀ ਤੋਂ ਕੁਝ ਵਿੱਥ ਉੱਤੇ ਗੁਰਦਵਾਰਾ ਚਰਨ ਪਾਦੁਕਾ ਗੁਰੂ ਨਾਨਕ ਦੀ ਨਿਜ਼ਾਮਾਬਾਦ ਵਿੱਚ ਆਮਦ ਦੀ ਯਾਦ ਵਿੱਚ ਬਣਾਇਆ ਗਿਆ ਹੈ। 'ਉਦਾਸੀ' ਸੰਪ੍ਰਦਾਇ ਦੇ ਬਾਬਾ ਪ੍ਰੇਮ ਦਾਸ ਉਦਾਸੀ ਨੇ ਇਸ ਅਸਥਾਨ ਨੂੰ ਸਿੱਖਿਆ ਦੇ ਮਰਕਜ਼ ਵਜੋਂ ਸਥਾਪਿਤ ਕੀਤਾ। 'ਉਦਾਸੀਆਂ' ਨੇ ਗੁਰੂ ਨਾਨਕ ਦੇ ਫ਼ਲਸਫ਼ੇ ਦੇ ਦੂਰ-ਦੂਰ ਤੱਕ ਵਰਤਾਉਣ ਵਿੱਚ ਅਹਿਮ ਹਿੱਸਾ ਪਾਇਆ ਹੈ। ਮੰਦੇਭਾਗੀਂ, ਵੀਹਵੀਂ ਸਦੀ ਦੇ ਸਮਾਜਿਕ-ਸਿਆਸੀ ਹਾਲਾਤ ਨੇ ਗੁਰੂ ਨਾਨਕ ਦੇ ਪਿਆਰਿਆਂ ਵਿੱਚ ਵੰਡੀਆਂ ਪਾਈਆਂ ਹਨ। ਇਸੇ ਕਾਰਨ ਕਈ ਸਾਲਾਂ ਤਕ ਇਸ ਗੁਰਦਵਾਰੇ ਦੀ ਸੇਵਾ-ਸੰਭਾਲ ਦਾ ਕੰਮ ਨਾਕਸ ਸੀ। ਹਾਲੀਆ ਸਾਲਾਂ ਵਿੱਚ ਇਸ ਗੁਰਦਵਾਰੇ ਦਾ ਇੰਤਜ਼ਾਮ ਲੀਹੇ ਪਿਆ ਹੈ।

ਇਸ ਅਸਥਾਨ ਉੱਤੇ 'ਉਦਾਸੀਆਂ' ਦੀਆਂ ਲਿਖੀਆਂ 'ਗੁਰੂ ਗ੍ਰੰਥ ਸਾਹਿਬ' ਦੀਆਂ ਇਕੱਤੀ ਬੀੜਾਂ ਸੰਭਾਲ ਕੇ ਰੱਖੀਆਂ ਗਈਆਂ ਹਨ। ਇਨ੍ਹਾਂ ਦੀ ਲੋੜੀਂਦੀ ਵਿਗਿਆਨਕ ਸਾਂਭ-ਸੰਭਾਲ ਕੀਤੀ ਗਈ ਹੈ।

**ਸਤਨਾਮ ਸਿੰਘ:** ਧੰਨ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਮਹਾਰਾਜ ਜੀ ਆਪਣੀ ਪਹਿਲੀ ਉਦਾਸੀ ਦੌਰਾਨ ਇੱਥੇ ਆਏ। ਉਨ੍ਹਾਂ ਦੇ ਜਾਣ ਤੋ ਬਾਅਦ ਇੱਥੇ ਉਦਾਸੀ ਪੰਥ ਦਾ ਬਹੁਤ ਪ੍ਰਚਾਰ-ਪ੍ਰਸਾਰ ਰਿਹਾ। ਇਕੱਤੀ ਹੱਥ ਲਿਖਤ ਗ੍ਰੰਥ ਅੱਜ ਵੀ ਇਸ ਪਾਵਨ ਅਸਥਾਨ ਉੱਤੇ ਮੌਜੂਦ ਹਨ।

ਮੁਕਾਮੀ 'ਕਾਇਸਤ' ਬਰਾਦਰੀ ਹਿੰਦੂ ਧਰਮ ਦੀ ਦਰਜਾਬੰਦੀ ਵਿੱਚ ਉੱਚੀ ਜਾਤ ਵਿੱਚ ਆਉਂਦੀ ਹੈ। 'ਉਦਾਸੀਆਂ' ਦੇ ਪ੍ਰਚਾਰ ਰਾਹੀਂ 'ਕਾਇਸਤ' ਬਰਾਦਰੀ ਦਾ ਗੁਰੂ ਨਾਨਕ ਦੇ ਫ਼ਲਸਫ਼ੇ ਨਾਲ ਰਾਬਤਾ ਬਣਿਆ। ਗੁਰੂ ਨਾਨਕ ਦੇ ਸੁਨੇਹੇ ਮੁਤਾਬਕ ਮੁਕਾਮੀ ਬਿਰਾਦਰੀ ਉਨ੍ਹਾਂ ਦੇ ਫ਼ਲਸਫ਼ੇ ਦੇ ਜਜ਼ਬੇ ਨਾਲ ਜੁੜੀ ਜਿਸ ਦਾ ਝਲਕਾਰਾ ਪੁਰਾਣੀ ਪੀੜ੍ਹੀ ਵਿੱਚ ਹੁਣ ਵੀ ਮਿਲਦਾ ਹੈ ਪਰ ਹੁਣ ਇਹ ਮਾਨਤਾ ਘਟ ਰਹੀ ਹੈ। ਅਸੀਂ ਇੱਕ ਮੁਕਾਮੀ 'ਕਾਇਸਤ' ਸੱਜਣ ਨੂੰ ਮਿਲੇ ਤਾਂ ਜੋ ਗੁਰੂ ਨਾਨਕ ਦੇ ਫ਼ਲਸਫ਼ੇ ਦੀ ਮੁਕਾਮੀ ਬਿਰਾਦਾਰੀ ਉੱਤੇ ਪਏ ਅਸਰ ਦੀ ਥਾਹ ਪਾਈ ਜਾ ਸਕੇ।

**ਚਰਨਜੀਤ ਸਿੰਘ ਗੌਡ:** ਜਦੋਂ ਗੁਰੂ ਨਾਨਕ ਦੇਵ ਜੀ ਇੱਥੇ ਆਏ ਤਾਂ ਉਨ੍ਹਾਂ ਦੇ ਵਿਚਾਰਾਂ ਤੋਂ ਕਾਇਲ ਹੋ ਕੇ ਇੱਥੇ ਦੇ ੨੫੦ ਗੌੜ ਕਾਇਸਥ ਜੀਆਂ ਵਿੱਚੋਂ ੧੫੦ ਨੇ ਉਨ੍ਹਾਂ ਦੇ ਫ਼ਲਸਫ਼ੇ ਨੂੰ ਮੰਨ ਲਿਆ ਅਤੇ ਉਨ੍ਹਾਂ ਦੇ ਰਾਹ

ਦੇ ਧਾਰਨੀ ਹੋ ਗਏ। ਅਸੀਂ ਤਾਂ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਾਂ। ਮੇਰਾ ਵਿਆਹ ਕਾਇਸਤ ਪਰਿਵਾਰ ਵਿੱਚ ਹੋਇਆ ਹੈ ਪਰ ਉਹ ਪਰਿਵਾਰ ਗੁਰੂ ਮਹਾਰਾਜ ਨੂੰ ਮੰਨਣ ਵਾਲਾ ਨਹੀਂ। ਵਿਆਹ ਤੋਂ ਬਾਅਦ ਮੇਰੀ ਬੀਵੀ ਇੱਥੇ ਆਈ ਅਤੇ ਉਸ ਨੇ ਗੁਰੂ ਗ੍ਰੰਥ ਸਾਹਿਬ ਪੜ੍ਹਨਾ ਸਿੱਖ ਲਿਆ ਅਤੇ ਪੰਜ ਗ੍ਰੰਥੀ ਸਾਹਿਬ ਦਾ ਪਾਠ ਕਰਦੀ ਹੈ। ਬੱਚੇ ਵੀ ਮੰਨਦੇ ਹਨ ਅਤੇ ਰੋਜ਼ ਗੁਰਦਵਾਰੇ ਮੱਥਾ ਟੇਕਦੇ ਹਨ।

ਅਸੀਂ ਹੁਣ ਤਮਸਾ ਨਦੀ ਦੇ ਕੰਢੇ ਜਾ ਰਹੇ ਹਾਂ ਜਿੱਥੇ ਇੱਕੋ ਅਸਥਾਨ ਉੱਤੇ ਮੰਦਿਰ ਅਤੇ ਗੁਰਦਵਾਰਾ ਬਣੇ ਹੋਏ ਹਨ।

**ਅਮਰਦੀਪ ਸਿੰਘ:** ਤਮਸਾ ਨਦੀ ਦੇ ਕੰਢੇ ਵੱਸੇ ਨਿਜ਼ਾਮਾਬਾਦ ਪਿੰਡ ਵਿੱਚ ਗੁਰੂ ਨਾਨਕ ਦੀ ਮਜ਼ਹਬੀ ਇਤਫ਼ਾਕ ਵਾਲੀ ਸੋਚ ਦਾ ਅਹਿਸਾਸ ਹੁੰਦਾ ਹੈ। ਇੱਥੇ ਗੁਰਦਵਾਰਾ, ਮੰਦਿਰ ਅਤੇ ਮਸਜਿਦ ਇੱਕ-ਦੂਜੇ ਦੇ ਨੇੜੇ ਕਾਇਮ ਹਨ।

ਸਮੇਂ ਦੇ ਨਾਲ ਇਹ ਗੁਰਦਵਾਰਾ ਉਜਾੜ ਹੋ ਗਿਆ ਸੀ। ਹੁਣ ਇਸ ਦਾ ਇੰਤਜ਼ਾਮ ਗੁਰਦਵਾਰਾ ਚਰਨ ਪਾਦੁਕਾ ਵਾਲੀ ਕਮੇਟੀ ਕਰਦੀ ਹੈ। ਇਸ ਗੁਰਦਵਾਰੇ ਵਿੱਚ ਹਾਲੇ ਵੀ ਕੋਈ ਸੰਗਤ ਨਹੀਂ ਜੁੜਦੀ।

ਨਾਇ ਤੇਰੈ ਸਹਜੁ ਨਾਇ ਸਾਲਾਹ॥
ਨਾਉ ਤੇਰਾ ਅੰਮ੍ਰਿਤੁ ਬਿਖੁ ਉਠਿ ਜਾਇ॥
ਨਾਇ ਤੇਰੈ ਸਭਿ ਸੁਖ ਵਸਹਿ ਮਨਿ ਆਇ॥
(ਰਾਗ ਪਰਭਾਤੀ ਬਿਭਾਸ, ਗੁਰੂ ਨਾਨਕ)

ਸੋਚ-ਵਿਚਾਰ ਵਿੱਚ ਡੁੱਬ ਕੇ ਹੀ ਸਹਿਜ ਅਤੇ ਸਾਲਾਹੀਅਤ ਨਸੀਬ ਹੁੰਦੀ ਹੈ।
ਗਿਆਨ ਹੀ ਅੰਮ੍ਰਿਤ ਹੈ ਜੋ ਮਾਇਆ ਦੇ ਜ਼ਹਿਰ ਨੂੰ ਕੱਢਦਾ ਹੈ।
ਇਤਫ਼ਾਕ ਨਾਲ ਮਿਲਦੀ ਹਰ ਖ਼ੁਸ਼ੀ ਮਨ ਵਿੱਚ ਵਾਸ ਕਰਦੀ ਹੈ।
(ਰਾਗ ਪਰਭਾਤੀ ਬਿਭਾਸ, ਗੁਰੂ ਨਾਨਕ)

'ਨਾਮ' ਰਾਹੀਂ ਹੀ ਮਨ ਦਾ ਚੇਤਨਾ ਨਾਲ ਮੇਲ ਹੁੰਦਾ ਹੈ। ਮੇਰਾ ਧਿਆਨ ਘੁੰਮ-ਘੁਮਾ ਕੇ 'ਉਦਾਸੀ' ਸੰਪ੍ਰਦਾਇ ਦੇ ਸਮਰਪਣ ਉੱਤੇ ਆ ਜਾਂਦਾ ਹੈ ਜਿਨ੍ਹਾਂ ਇਸ ਅਸਥਾਨ ਉੱਤੇ ਗੁਰੂ ਨਾਨਕ ਦੀ ਯਾਦ ਵਿੱਚ 'ਗੁਰੂ ਗ੍ਰੰਥ ਸਾਹਿਬ' ਦੀਆਂ ਇੰਨੀਆਂ ਬੀੜਾਂ ਤਿਆਰ ਕੀਤੀਆਂ।

ਇਸ ਗਰਾਂ ਨਿਜ਼ਾਮਾਬਾਦ ਵਿੱਚ ਕੁਝ ਸਮਾਂ ਗੁਜ਼ਾਰ ਕੇ ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਪ੍ਰਯਾਗ ਨੂੰ ਚਾਲੇ ਪਾ ਦਿੱਤੇ ਜੋ ਬਾਅਦ ਵਿੱਚ ਇਲਾਹਾਬਾਦ ਕਿਹਾ ਜਾਣ ਲੱਗਿਆ ਪਰ ਹਾਲੀਆ ਦੌਰ ਵਿੱਚ ਇਸ ਦਾ ਨਾਮ ਪ੍ਰਯਾਗਰਾਜ ਕਰ ਦਿੱਤਾ ਗਿਆ ਹੈ।

ਹੁਣ ਅਸੀਂ ਨਿਜ਼ਾਮਾਬਾਦ ਤੋਂ ਪ੍ਰਯਾਗਰਾਜ ਵਿੱਚ ਝੁੱਸੀ ਜਾ ਰਹੇ ਹਾਂ।

'ਕੁੰਭ ਦਾ ਮੇਲਾ' ਬਾਰਾਂ ਸਾਲ ਬਾਅਦ ਆਉਂਦਾ ਹੈ। ਇਹ ਮੇਲਾ ਵਾਰੀ ਸਿਰ ਪ੍ਰਯਾਗਰਾਜ, ਹਰਿਦਵਾਰ, ਨਾਸਿਕ ਅਤੇ ਉਜੈਨ ਵਿੱਚ ਅਹਿਮ ਨਦੀਆਂ ਦੇ ਕੰਢੇ ਲਗਦਾ ਹੈ। ਇਹ ਮੇਲਾ ਤਾਂ ਆਪਣੇ ਤੈਅ ਸਮੇਂ ਉੱਤੇ ਹੀ ਲਗਦਾ ਹੈ ਪਰ ਇਨ੍ਹਾਂ ਸ਼ਹਿਰਾਂ ਵਿੱਚ ਯਾਤਰੀ ਲਗਾਤਾਰ ਆਉਂਦੇ ਰਹਿੰਦੇ ਹਨ।

'ਕੁੰਭ ਮੇਲਾ' ਦੋ ਅਲਫ਼ਾਜ਼ ਦਾ ਜੋੜ ਹੈ। 'ਕੁੰਭ' ਦਾ ਮਾਅਨਾ 'ਕੁੱਖ' ਹੈ ਜੋ ਜ਼ਰਖ਼ੇਜ਼ੀ ਜਾਂ ਜ਼ਿੰਦਗੀ ਦੇ ਸੋਮੇ ਦੀ ਨੁਮਾਇੰਦਗੀ ਕਰਦੀ ਹੈ। 'ਮੇਲੇ' ਦਾ ਮਾਅਨਾ ਤਿਉਹਾਰ ਹੈ। ਇਤਿਹਾਸਕ ਤੌਰ ਉੱਤੇ ਮੇਲੇ ਵਕਤ-ਵਕਤ ਉੱਤੇ ਲੋਕਾਂ ਵਿੱਚ ਰੂਹਾਨੀ ਸੋਚ ਦਾ ਪਸਾਰਾ ਕਰਨ ਅਤੇ ਨੇਕ ਜ਼ਿੰਦਗੀ ਜਿਊਣ ਦੀ ਪ੍ਰੇਰਨਾ ਦੇਣ ਲਈ ਜੁੜਦੇ ਸਨ।
ਇੱਥੇ ਦੋ ਨਦੀਆਂ ਦਾ ਸੰਗਮ ਹੈ ਪਰ ਇਸ ਨੂੰ ਤ੍ਰਿਵੇਣੀ ਕਿਹਾ ਜਾਂਦਾ ਹੈ। ਤੀਜੀ ਨਦੀ ਮਿਥਿਹਾਸਕ ਸਰਸਵਤੀ ਹੈ ਜਿਸ ਬਾਰੇ ਮੰਨਿਆ ਜਾਂਦਾ ਹੈ ਕਿ ਉਹ ਹਾਲੇ ਵੀ ਧਰਤੀ ਦੇ ਹੇਠਾਂ ਵਗਦੀ ਹੈ।

**ਅਮਰਦੀਪ ਸਿੰਘ:** ਗੰਗਾ-ਜਮਨਾ ਦੇ ਸੰਗਮ ਉੱਤੇ ਘਾਟ ਦੇ ਨਾਲ ਝੂੰਸੀ ਨਾਮ ਦੀ ਪੁਰਾਣੀ ਆਬਾਦੀ ਹੈ ਜਿਹੜਾ ਹਿੰਦੂ ਧਰਮ ਲਈ ਸਦੀਆਂ ਤੋਂ ਤੀਰਥ ਅਸਥਾਨ ਰਿਹਾ ਹੈ।

ਤੀਰਥ ਯਾਤਰੀਆਂ ਨਾਲ ਗੋਸ਼ਟਿ ਕਰਨ ਲਈ ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਗੰਗਾ-ਜਮਨਾ ਦੇ ਸੰਗਮ ਉੱਤੇ ਝੂੰਸੀ ਵਿਖੇ ਕਿਆਮ ਕੀਤਾ।

ਜਦੋਂ ਗੁਰੂ ਨਾਨਕ 'ਤ੍ਰਿਵੇਣੀ' ਦੇ ਕੰਢੇ ਧਿਆਨ ਕਰ ਰਹੇ ਸਨ ਤਾਂ ਰੂਹਾਨੀ ਸਲਾਹ-ਮਸ਼ਵਰਾ ਲੈਣ ਲਈ ਲੋਕ ਉਨ੍ਹਾਂ ਦੇ ਦੁਆਲੇ ਜੁੜਨ ਲੱਗੇ। ਉਨ੍ਹਾਂ ਦੀ ਦੁਬਿਧਾ ਸੀ ਕਰਮ-ਕਾਂਡ, ਧਿਆਨ ਅਤੇ ਪੂਜਾ-ਪਾਠ ਕਰਨ ਦੇ ਬਾਵਜੂਦ ਉਨ੍ਹਾਂ ਦੇ ਮਨ ਵਿੱਚ ਵਿਸਮਾਦ ਦਾ ਵਾਸਾ ਨਹੀਂ ਹੁੰਦਾ। ਗੁਰੂ ਨਾਨਕ ਨੇ ਜੁਆਬ ਦਿੱਤਾ ਕਿ ਕਾਮ, ਕਰੋਧ, ਲੋਭ, ਮੋਹ ਅਤੇ ਹੰਕਾਰ ਤੋਂ ਛੁਟਕਾਰਾ ਪਾਏ ਬਿਨਾਂ ਵਿਸਮਾਦ ਨਸੀਬ ਨਹੀਂ ਹੁੰਦਾ।

ਲਬੁ ਕੁਤਾ ਕੂੜੁ ਚੂਹੜਾ ਠਗਿ ਖਾਧਾ ਮੁਰਦਾਰੁ॥
ਪਰ ਨਿੰਦਾ ਪਰ ਮਲੁ ਮੁਖ ਸੁਧੀ ਅਗਨਿ ਕ੍ਰੋਧੁ ਚੰਡਾਲੁ॥
ਰਸ ਕਸ ਆਪੁ ਸਲਾਹਣਾ ਏ ਕਰਮ ਮੇਰੇ ਕਰਤਾਰ॥
ਬਾਬਾ ਬੋਲੀਐ ਪਤਿ ਹੋਇ॥
ਊਤਮ ਸੇ ਦਰਿ ਊਤਮ ਕਹੀਅਹਿ ਨੀਚ ਕਰਮ ਬਹਿ ਰੋਇ॥
(ਸਿਰੀ ਰਾਗ, ਗੁਰੂ ਨਾਨਕ)

ਲੋਭ ਕੁੱਤੇ ਸਮਾਨ ਹੈ ਕੂੜ ਗੰਦ ਹੈ ਅਤੇ ਠੱਗੀ ਮੁਰਦਾਰਨੋਸ਼ੀ ਦੇ ਤੁੱਲ ਹੈ।
ਦੂਜੇ ਦੀ ਨਿੰਦਾ ਕਰਨਾ ਦੂਜੇ ਦਾ ਗੰਦ ਆਪਣੇ ਮੂੰਹ ਪਾਉਣ ਦੇ ਬਰਾਬਰ ਹੈ। ਗੁੱਸਾ ਚਿਤਾ ਸਮਾਨ ਹੈ।
ਮੈਂ ਤਾਂ ਸਵਾਦਾਂ, ਖ਼ੁਸ਼ਬੋਈਆਂ, ਖ਼ੁਦ-ਫ਼ਰੇਬ ਅਤੇ ਖ਼ੁਸ਼ਨੂਦੀ ਦੇ ਜਾਲ਼ ਵਿੱਚ ਫਸਿਆ ਹਾਂ, ਓ ਸਿਰਜਣਹਾਰ।
ਬਾਬਾ ਆਖੇ, ਅਜਿਹੇ ਬੋਲ ਬੋਲੋ ਜੋ ਸਤਿਕਾਰ ਵਿੱਚ ਭਿੱਜੇ ਹੋਣ।

ਜਿਨ੍ਹਾਂ ਦੇ ਅਮਲ ਚੰਗੇ ਹੁੰਦੇ ਹਨ, ਉਨ੍ਹਾਂ ਦਾ ਰੁਤਬਾ ਬੁਲੰਦ ਹੁੰਦਾ ਹੈ। ਨੀਚ ਕਰਮ ਕਰਨ ਵਾਲੇ ਦੁੱਖਾਂ ਵਿੱਚ ਰੋਂਦੇ ਹਨ।
ਬਾਬਾ ਆਖੇ, ਅਜਿਹੇ ਬੋਲ ਬੋਲੋ ਜੋ ਸਤਿਕਾਰ ਵਿੱਚ ਭਿੱਜੇ ਹੋਣ।
(ਸਿਰੀ ਰਾਗ, ਗੁਰੂ ਨਾਨਕ)

ਮਨਸ਼ਾਵਾਂ ਹੀ ਮਨ ਦੇ ਅਮਲਾਂ ਦਾ ਰਾਹ ਤੈਅ ਕਰਦੀਆਂ ਹਨ ਜਿਨ੍ਹਾਂ ਨਾਲ ਹੋਣੀ ਨਕਸ਼ ਨਿਖਾਰਦੀ ਹੈ। ਚੰਗੀਆਂ ਮਨਸ਼ਾਵਾਂ ਨਾਲ ਚੈਨ ਮਿਲਦਾ ਹੈ ਅਤੇ ਮਾੜੀਆਂ ਮੁਰਾਦਾਂ ਨਾਲ ਬਿਪਤਾ ਪੈਂਦੀ ਹੈ।

ਗੁਰੂ ਨਾਨਕ ਦੇ ਜੁਆਬ ਨਾਲ ਸਹਿਮਤ ਲੋਕਾਂ ਦੀ ਇਹ ਸਮਝਣ ਦੀ ਜਗਿਆਸਾ ਸੀ ਕਿ ਉਨ੍ਹਾਂ ਨੂੰ ਰੂਹਾਨੀ ਕਰਮ-ਕਾਂਡ ਦੀ ਤਜਵੀਜ਼ ਮੁਤਾਬਕ ਤੀਰਥ ਕਰਨ, ਆਪੇ ਦਿੱਤੇ ਕਸ਼ਟ ਝੱਲਣ, ਤਪ ਕਰਨ ਅਤੇ ਨੰਗੇ ਰਹਿਣ ਦੇ ਬਾਵਜੂਦ ਹਉਮੈਂ, ਬਦਨੀਅਤੀ ਅਤੇ ਜਿਸਮਾਨੀ ਦੁੱਖਾਂ ਤੋਂ ਛੁਟਕਾਰਾ ਕਿਉਂ ਨਹੀਂ ਮਿਲਦਾ? ਗੁਰੂ ਨਾਨਕ ਦਾ ਜੁਆਬ ਸੀ ਕਿ ਸਕੂਨ ਤਾਂ ਸਹਿਜ ਨਾਲ ਹੀ ਮਿਲ ਸਕਦਾ ਹੈ ਜੋ ਮਨੁੱਖ ਦਾ ਜਮਾਂਦਰੂ ਗੁਣ ਹੈ। ਉਨ੍ਹਾਂ ਨੇ ਸਮਝਾਇਆ ਕਿ ਬਾਹਰਲੇ ਰਸਮੋ-ਰਿਵਾਜ਼ ਤਾਂ ਨਿਗੂਣੇ ਮਾਮਲੇ ਹਨ। ਜੇ ਮਨੁੱਖ ਨੇ ਆਪਣੇ ਅੰਦਰ ਇਤਫ਼ਾਕ ਅਤੇ ਆਲੇ-ਦੁਆਲੇ ਨਾਲ ਇਤਫ਼ਾਕ ਪੈਦਾ ਕਰਨਾ ਹੈ ਤਾਂ ਉਸ ਨੂੰ ਅੰਦਰੂਨੀ ਤੌਰ ਉੱਤੇ ਆਪਣੇ-ਆਪ ਨੂੰ ਸੁਰ ਕਰਨਾ ਪੈਣਾ ਹੈ।

ਨਾ ਸਤਿ ਦੁਖੀਆ ਨਾ ਸਤਿ ਸੁਖੀਆ ਨਾ ਸਤਿ ਪਾਣੀ ਜੰਤ ਫਿਰਹਿ॥
ਨਾ ਸਤਿ ਮੂੰਡ ਮੁਡਾਈ ਕੇਸੀ ਨਾ ਸਤਿ ਪੜਿਆ ਦੇਸ ਫਿਰਹਿ॥
ਨਾ ਸਤਿ ਰੁਖੀ ਬਿਰਖੀ ਪਥਰ ਆਪੁ ਤਛਾਵਹਿ ਦੁਖ ਸਹਹਿ॥
ਨਾ ਸਤਿ ਹਸਤੀ ਬਧੇ ਸੰਗਲ ਨਾ ਸਤਿ ਗਾਈ ਘਾਹੁ ਚਰਹਿ॥
ਜਿਸੁ ਹਥਿ ਸਿਧਿ ਦੇਵੈ ਜੇ ਸੋਈ ਜਿਸ ਨੋ ਦੇਇ ਤਿਸੁ ਆਇ ਮਿਲੈ॥
(ਰਾਗ ਰਾਮਕਲੀ, ਗੁਰੂ ਨਾਨਕ)

ਦੁੱਖ ਵਿੱਚ ਸੱਚ ਨਹੀਂ ਹੈ। ਸੁੱਖ ਵਿੱਚ ਸੱਚ ਨਹੀਂ ਹੈ। ਪਸ਼ੂਆਂ ਵਾਂਗ ਪਾਣੀ ਵਿੱਚ ਭਟਕਣਾ ਸੱਚ ਨਹੀਂ ਹੈ।
ਸਿਰ ਮੁੰਡਾਉਣ ਵਿੱਚ ਸੱਚ ਨਹੀਂ ਹੈ। ਗ੍ਰੰਥ ਪੜ੍ਹਨ ਅਤੇ ਥਾਂ-ਥਾਂ ਭਟਕਣ ਵਿੱਚ ਸੱਚ ਨਹੀਂ ਹੈ।
ਰੁੱਖਾਂ, ਬੂਟਿਆਂ, ਪੱਥਰਾਂ ਵਿੱਚ ਸੱਚ ਨਹੀਂ ਹੈ। ਆਪਣੇ-ਆਪ ਨੂੰ ਕਸ਼ਟ ਦੇਣ ਅਤੇ ਦੁੱਖ ਝੱਲਣ ਵਿੱਚ ਸੱਚ ਨਹੀਂ ਹੈ।
ਕੈਦ ਮਨ (ਸੰਗਲ ਬੱਧੇ ਹਾਥੀਆਂ) ਵਿੱਚ ਸੱਚ ਨਹੀਂ ਹੈ। ਖੁਲੇ ਮਨ (ਚਰਦੀਆਂ ਗਾਈਆਂ) ਵਿੱਚ ਸੱਚ ਨਹੀਂ ਹੈ।
ਜਿਨ੍ਹਾਂ ਦੇ ਹੱਥ ਗਿਆਨ ਪ੍ਰਾਪਤੀ ਦਾ ਆਹਰ ਕਰਦੇ ਹਨ ਉਨ੍ਹਾਂ ਦੇ ਦਿਲਾਂ ਵਿੱਚ ਵਿਵੇਕ ਦਾ ਵਾਸਾ ਹੁੰਦਾ ਹੈ।
(ਰਾਗ ਰਾਮਕਲੀ, ਗੁਰੂ ਨਾਨਕ)

ਗੁਰੂ ਨਾਨਕ ਦੇ ਫ਼ਲਸਫ਼ੇ ਦੀ ਖ਼ੂਬਸੂਰਤੀ ਹੈ ਕਿ ਇਹ ਸਾਦੀ ਜ਼ਿੰਦਗੀ, ਵਹਿਣ ਨਾਲ ਬਿਗਸਣ ਅਤੇ ਸੱਚੇ ਕਰਮਾਂ ਉੱਤੇ ਜ਼ੋਰ ਦਿੰਦੀ ਹੈ।

'ਤ੍ਰਿਵੇਣੀ' ਦੀ ਯਾਤਰਾ ਦੌਰਾਨ ਸਾਨੂੰ ਗੁਰੂ ਨਾਨਕ ਦੀ ਯਾਦ ਨਾਲ ਜੁੜਿਆ ਕੋਈ ਅਸਥਾਨ ਜਾਂ ਹੋਰ ਕੋਈ ਨਿਸ਼ਾਨੀ ਨਹੀਂ ਮਿਲੀ।

ਮੁਕਾਮੀ ਬਿਰਾਦਰੀ ਨੇ ਦੱਸਿਆ ਕਿ ਪਹਿਲਾਂ 'ਤ੍ਰਿਵੇਣੀ' ਦੇ ਘਾਟ ਉੱਤੇ ਗੁਰੂ ਨਾਨਕ ਦੀ ਯਾਦ ਵਿੱਚ ਝੂੱਸੀ ਵਿਖੇ ਚੌਂਤਰਾ ਬਣਿਆ ਹੋਇਆ ਸੀ ਪਰ ਉਹ ਨਦੀ ਦੇ ਵਹਿਣ ਵਿੱਚ ਆਉਣ ਕਾਰਨ ਰੁੜ੍ਹ ਗਿਆ ਹੈ। ਇਸ ਅਸਥਾਨ ਦੀ ਸੇਵਾ ਸੰਭਾਲ 'ਉਦਾਸੀ' ਸੰਪ੍ਰਦਾਇ ਦੇ ਬਾਬਾ ਪੰਚ ਨੰਦ ਕਰਦੇ ਸਨ ਜੋ ਭਗਤ ਭਗਵਾਨ ਦੀ ਚੌਦ੍ਹਵੀਂ ਪੀੜ੍ਹੀ ਸਨ। ਭਗਤ ਭਗਵਾਨ ਨੂੰ ਗੁਰੂ ਨਾਨਕ ਦੇ ਫ਼ਲਸਫ਼ੇ ਦੇ ਪ੍ਰਚਾਰ ਦੀ ਜ਼ਿੰਮੇਵਾਰੀ ਗੁਰੂ ਹਰਿ ਰਾਏ ਨੇ ਦਿੱਤੀ ਸੀ।

'ਤ੍ਰਿਵੇਣੀ' ਤੋਂ ਅਸੀਂ ਗੁਰਦਵਾਰਾ ਪੱਕੀ ਸੰਗਤ ਜਾ ਰਹੇ ਹਾਂ ਜੋ ਪ੍ਰਯਾਗਰਾਜ ਦੇ ਮੁਹੱਲਾ ਅਹੀਆਪੁਰ ਵਿੱਚ ਹੈ। ਇਹ ਗੁਰਦਵਾਰਾ ਗੁਰੂ ਤੇਗ਼ ਬਹਾਦਰ ਦੀ ਯਾਦ ਵਿੱਚ ਬਣਿਆ ਹੈ। ਇਸ ਵੇਲੇ ਗੁਰੂ ਨਾਨਕ ਦੇ ਪ੍ਰਯਾਗਰਾਜ ਆਉਣ ਦੀ ਯਾਦ ਵਿੱਚ ਕੋਈ ਅਸਥਾਨ ਨਹੀਂ ਹੈ ਪਰ ਕੁਝ ਲਿਖਤਾਂ ਇਸੇ ਅਸਥਾਨ ਨੂੰ ਗੁਰੂ ਨਾਨਕ ਨਾਲ ਜੋੜਦੀਆਂ ਹਨ।

ਅਸੀਂ ਹੁਣ 'ਪੰਚਾਇਤੀ ਅਖਾੜਾ ਬੜਾ ਉਦਾਸੀਨ' ਜਾ ਰਹੇ ਹਾਂ।

ਗੁਰੂ ਨਾਨਕ ਦੇ ਸੁਨੇਹੇ ਨੂੰ ਪ੍ਰਯਾਗਰਾਜ ਅਤੇ ਗੰਗਾ ਪੱਟੀ ਦੇ ਦੂਰ-ਦੁਰਾਡੇ ਦੇ ਇਲਾਕਿਆਂ ਵਿੱਚ ਪਹੁੰਚਾਉਣ ਦਾ ਕੰਮ ਵੀਹਵੀਂ ਸਦੀ ਦੇ ਸ਼ੁਰੂਆਤੀ ਦੌਰ ਤੱਕ 'ਉਦਾਸੀ' ਸੰਪ੍ਰਦਾਇ ਨੇ ਕੀਤਾ। ਪਿਛਲੇ ਸੌ ਸਾਲਾਂ ਵਿੱਚ ਬਹੁਤ ਕੁਝ ਬਦਲ ਗਿਆ ਹੈ। ਗੁਰੂ ਨਾਨਕ ਨਾਮਲੇਵਾ ਪਹਿਲਾਂ ਇੱਕੋ ਛਤਰੀ ਹੇਠਾਂ ਸਨ ਪਰ ਹੁਣ ਖੇਰੂੰ-ਖੇਰੂੰ ਹੋ ਗਏ ਹਨ। ਅਸੀਂ 'ਪੰਚਾਇਤੀ ਅਖਾੜਾ ਬੜਾ ਉਦਾਸੀਨ' ਵਿੱਚ ਪੁਰਾਣੇ ਸੱਭਿਆਚਾਰ ਇਤਫ਼ਾਕ ਦੀਆਂ ਤੰਦਾਂ ਦੀ ਭਾਲ ਵਿੱਚ ਗਏ ਸਾਂ। ਮੈਂ ਇਸ ਅਸਥਾਨ ਉੱਤੇ ਕਈ ਅਹਿਮ ਇਤਿਹਾਸਕ ਦਸਤਾਵੇਜ਼ ਦੇਖੇ ਜਿਨ੍ਹਾਂ ਤੋਂ ਪਤਾ ਲਗਦਾ ਹੈ ਕਿ ਕਦੇ ਗੁਰੂ ਨਾਨਕ ਇਸ ਬਿਰਾਦਰੀ ਦੀ ਮਰਕਜ਼ੀ ਸ਼ਖ਼ਸੀਅਤ ਸਨ।

ਸਮਾਜ ਦੀਆਂ ਵੰਡੀਆਂ ਬਾਰੇ ਸੋਚਦੇ ਹੋਏ ਇੱਕ ਸੁਆਲਨੁਮਾ ਖ਼ਿਆਲ ਮੇਰੇ ਦਿਮਾਗ਼ ਵਿੱਚ ਘੁੰਮਦਾ ਹੈ ਕਿ ਕੀ ਅਸੀਂ ਸਭਨਾਂ ਨੇ ਮਿਲ ਕੇ ਗੁਰੂ ਨਾਨਕ ਦੀ ਵਹਿਦਤ ਵਾਲੀ ਸੋਚ ਤੋਂ ਨਿਖੇੜਾ ਕੀਤਾ ਹੈ?

'ਮੈਂ' ਅਤੇ 'ਮੇਰੇ' ਦੇ ਝੇੜੇ ਵਿੱਚ ਬਹੁਤ ਜੀਅ ਮਰ-ਮਿੱਟ ਗਏ ਹਨ।

ਮੇਰੀ ਮੇਰੀ ਕਰਿ ਮੁਏ ਵਿਣੁ ਨਾਵੈ ਦੁਖੁ ਭਾਲਿ॥
(ਰਾਗੁ ਰਾਮਕਲੀ ਦਖਣੀ, ਗੁਰੂ ਨਾਨਕ)

ਅਸੀਂ ਹਉਮੈ ਵਿੱਚ ਡੁੱਬੇ ਹੋਏ 'ਮੈਂ' ਅਤੇ 'ਮੇਰੇ' ਦੇ ਝੇੜੇ ਵਿੱਚ ਫਸੇ ਹੋਏ ਹਾਂ।
ਅਸੀਂ ਨਾ ਸਮਝਦੇ ਹੋਏ ਦੁੱਖਾਂ ਨੂੰ ਸੱਦਾ ਦੇ ਰਹੇ ਹਾਂ।
(ਰਾਗ ਰਾਮਕਲੀ ਦਖਣੀ, ਗੁਰੂ ਨਾਨਕ)

# ਚਰਚਾ ਲਈ ਕੁਝ ਨੁਕਤੇ

## ਸੈਨਤ, ਗੁਰੂ ਨਾਨਕ ਦੇ ਪੈਂਡਿਆਂ ਦੀ ਰੂਹਾਨੀ ਛਾਪ

### ਐਪੀਸੋਡ ੭: ਅਗੋਚਰ (ਅਣਦੇਖੇ ਨੂੰ ਦੇਖਣਾ)

ਐਪੀਸੋਡ ਵਿਚ ਚਰਚਾ ਲਈ ਦਿੱਤੇ ਇਹ ਨੁਕਤੇ ਗੁਰੂ ਨਾਨਕ ਦੀ ਅਯੋਧਿਆ ਤੋਂ ਇਲਾਹਾਬਾਦ ਤੱਕ ਦੀ ਯਾਤਰਾ ਦੀ ਇਤਿਹਾਸਕ ਅਤੇ ਦਾਰਸ਼ਨਿਕ ਪਿਠਭੂਮੀ ਨੂੰ ਸੁੰਦਰ ਢੰਗ ਨਾਲ ਪੇਸ਼ ਕਰਦੇ ਹਨ। ਇਤਿਹਾਸਕ ਤੌਰ 'ਤੇ, ਇਹ ਉਨ੍ਹਾਂ ਦੇ ਵੱਖ-ਵੱਖ ਭਾਈਚਾਰਿਆਂ ਨਾਲ ਹੋਏ ਸੰਵਾਦ, ਉਨ੍ਹਾਂ ਦੇ ਪਦ ਚਿੰਨ੍ਹਾਂ ਉਪਰ ਬਣੀਆਂ ਯਾਦਗਾਰਾਂ, ਅਤੇ ਗੰਗਾ ਦੇ ਖੇਤਰ ਵਿਚ ਉਦਾਸੀ ਸਾਧੂਆਂ ਦੁਆਰਾ ਉਨ੍ਹਾਂ ਦੀ ਵਿਚਾਰਧਾਰਾ ਨੂੰ ਸੰਭਾਲਣ ਅਤੇ ਪ੍ਰਸਾਰਣ ਦੀ ਮਹੱਤਵਪੂਰਨ ਭੂਮਿਕਾ ਨੂੰ ਦਰਸਾਉਂਦੇ ਹਨ। ਇਸ ਤੋਂ ਇਲਾਵਾ, ਇਹ ਭਗਤ ਕਬੀਰ ਦੀ ਅਜ਼ਮਤ ਦੀ ਵੀ ਖੋਜ ਕਰਦੇ ਹਨ, ਜਿਨ੍ਹਾਂ ਦੀ ਦਾਰਸ਼ਨਿਕ ਸਮਾਨਤਾ ਗੁਰੂ ਨਾਨਕ ਦੇ ਨਾਲ ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਸਬਦਾਂ ਵਿਚ ਸਪਸ਼ਟ ਪ੍ਰਗਟ ਹੁੰਦੀ ਹੈ। ਦਾਰਸ਼ਨਿਕ ਤੌਰ 'ਤੇ, ਇਹ ਨੁਕਤੇ ਰੂਹਾਨੀ ਰਹਿਬਰਾਂ ਦੇ ਅਨੁਭਵਾਤਮਕ ਗਿਆਨ ਨੂੰ, ਰਸਮੀ ਕਰਮਕਾਂਡਾਂ ਨਾਲੋਂ, ਵਧੇਰੇ ਮਹੱਤਵਪੂਰਨ ਸਮਝਣ ਦਾ ਸਰਬ ਸਾਂਝਾ ਨਜ਼ਰੀਆ ਪ੍ਰਦਾਨ ਕਰਦੇ ਹਨ। ਉਨ੍ਹਾਂ ਦੇ ਸਿਧਾਂਤ ਰੂੜੀਵਾਦੀ ਮਾਨਤਾਵਾਂ ਦੀ ਨਿਡਰ ਆਲੋਚਨਾ, ਪਰੰਪਰਾਗਤ ਸੋਚ ਨੂੰ ਚੁਣੌਤੀ ਦੇਣ ਲਈ ਵਿਲੱਖਣ ਕਾਵਿ ਜੁਗਤਾਂ, ਅਤੇ ਮਨੁੱਖਤਾ ਦੀ ਮੂਲ ਏਕਤਾ ਹਿਤ ਸਮਾਜਿਕ ਵੰਡਾਂ ਨੂੰ ਖਤਮ ਕਰਨ ਦੀ ਪ੍ਰਕਿਰਿਆ ਦਾ ਪ੍ਰਗਟਾ ਹਨ। ਗੁਰੂ ਨਾਨਕ ਦੀ ਇਸ ਧਰਾਤਲ ਵਿਚਲੀ ਰੂਹਾਨੀ ਯਾਤਰਾ ਉਨ੍ਹਾਂ ਦੇ ਸਮੇਂ ਦੀਆਂ ਧਾਰਮਿਕ ਅਤੇ ਸਮਾਜਿਕ ਹਕੀਕਤਾਂ ਨੂੰ ਪੇਸ਼ ਕਰਦੀ ਹੈ।

## ਇਤਿਹਾਸਕ ਚਰਚਾ ਨੁਕਤੇ:

੧. ਗੁਰੂ ਨਾਨਕ ਅਤੇ ਭਗਤ ਕਬੀਰ ਦੇ ਵਿਚਕਾਰ ਸੰਬੰਧ ਦਾ ਇਤਿਹਾਸਕ ਪ੍ਰਮਾਣ ਕਿਹੜਾ ਹੈ?
ਇਸ ਐਪੀਸੋਡ ਵਿਚ ਦਸਿਆ ਗਿਆ ਹੈ ਕਿ ਭਾਵੇਂ ਭਗਤ ਕਬੀਰ ਅਤੇ ਗੁਰੂ ਨਾਨਕ ਸਮਕਾਲੀਨ ਸਨ, ਅਤੇ ਕੁਝ 'ਜਨਮਸਾਖੀ' ਚਿੱਤਰਾਂ ਵਿਚ ਉਨ੍ਹਾਂ ਨੂੰ ਸੰਵਾਦ ਕਰਦੇ ਹੋਏ ਦਿਖਾਇਆ ਗਿਆ ਹੈ, ਮਹੰਤ ਵਿਚਾਰ ਦਾਸ ਕਹਿੰਦੇ ਹਨ ਕਿ ਬਹੁਤ ਸਾਰੇ ਲੋਕ ਮੰਨਦੇ ਹਨ ਕਿ ਕਬੀਰ ਸਾਹਿਬ ਅਤੇ ਨਾਨਕ ਸਾਹਿਬ ਨੇ ਕਈ ਵਾਰ ਮੁਲਾਕਾਤ ਕੀਤੀ। ਭਾਵੇਂ ਉਨ੍ਹਾਂ ਵਿਚ ਹੋਏ ਮਿਲਾਪ ਦਾ ਕੋਈ ਪੁਖਤਾ ਸਬੂਤ ਉਪਲਬਧ ਨਹੀਂ ਹੈ। ਬ੍ਰਿਤਾਂਤਕਾਰ ਸਿੱਟਾ ਕੱਢਦਾ ਹੈ ਕਿ ਦਾਰਸ਼ਨਿਕ ਤੌਰ 'ਤੇ

ਉਨ੍ਹਾਂ ਦੀ ਵਿਚਾਰਧਾਰਕ ਸਾਂਝ ਜ਼ਰੂਰ ਸੀ, ਕਿਉਂਕਿ ਭਗਤ ਕਬੀਰ ਦੇ ਕਈ ਸਬਦ 'ਗੁਰੂ ਗ੍ਰੰਥ ਸਾਹਿਬ' ਵਿੱਚ ਦਰਜ਼ ਹਨ। ਭਾਵੇਂ ਉਨ੍ਹਾਂ ਦੀ ਆਪਸੀ ਮੁਲਾਕਾਤ ਦਾ ਕੋਈ ਸਬੂਤ ਨਾ ਹੋਵੇ ਪਰ ਫਿਰ ਵੀ ਅਸੀਂ ਉਨ੍ਹਾਂ ਦੀ ਵਿਚਾਰਾਧਾਰਕ ਸਾਂਝ ਦੀ ਗਹਿਰਾਈ ਨੂੰ ਕਿਵੇਂ ਸਮਝ ਸਕਦੇ ਹਾਂ,? ਅਤੇ ਨਾਲ ਹੀ ਇਹ ਪੰਦਰਵੀਂ ਸਦੀ ਦੇ ਭਾਰਤ ਵਿਚ ਵੱਖ-ਵੱਖ ਪਰੰਪਰਾਵਾਂ ਵਿਚਕਾਰ ਹੋਏ ਵਿਚਾਰਾਤਮਕ ਸੰਚਾਰ ਬਾਰੇ ਕੀ ਸੰਕੇਤ ਦਿੰਦੇ ਹਨ?

੨. ਭਗਤ ਕਬੀਰ ਦੇ ਬਨਾਰਸ ਤੋਂ ਮਗਹਰ ਜਾਣ ਦਾ ਦਾਰਸ਼ਨਿਕ ਮਹੱਤਵ ਕੀ ਸੀ?
ਇਸ ਐਪੀਸੋਡ ਵਿਚ ਦਸਿਆ ਗਿਆ ਹੈ ਕਿ ਬਨਾਰਸ ਵਿਚ ਆਪਣੀ ਜ਼ਿੰਦਗੀ ਬਤੀਤ ਕਰਨ ਤੋਂ ਬਾਅਦ, ਭਗਤ ਕਬੀਰ ਨੇ ਆਪਣੇ ਆਖਰੀ ਦਿਨਾਂ ਵਿਚ ਇਕ ਸੁੰਨਸਾਨ ਪਿੰਡ ਮਗਹਰ ਜਾਣ ਦਾ ਫੈਸਲਾ ਲਿਆ। ਇਕ ਪ੍ਰਚਲਿਤ ਮਿਥ ਅਨੁਸਾਰ, ਬਨਾਰਸ ਵਿਚ ਮੌਤ ਅਤੇ ਦੇਹੀ ਦਾ ਸਸਕਾਰ ਹੋਣ ‘ਤੇ ਪੁਨਰ ਜਨਮ ਹੋਣ ਤੋਂ 'ਮੁਕਤੀ' ਪ੍ਰਾਪਤੀ ਨਿਸ਼ਚਤ ਮੰਨੀ ਜਾਂਦੀ ਸੀ, ਜਦਕਿ ਮਗਹਰ ਵਿਚ ਮੌਤ ਨੂੰ ਮੋਖ ਪ੍ਰਾਪਤੀ ਵਿੱਚ ਰੁਕਾਵਟ ਮੰਨਿਆ ਜਾਂਦਾ ਸੀ। ਬਾਣੀ ਅਨੁਸਾਰ ਇਸ ਅੰਧਵਿਸ਼ਵਾਸ ਅਤੇ ਪੁਜਾਰੀ ਵਰਗ ਨੂੰ ਚੁਣੌਤੀ ਦੇਣ ਲਈ, ਭਗਤ ਕਬੀਰ ਨੇ ਬਨਾਰਸ ਛਡ ਮਗਹਰ ਜਾਣ ਦਾ ਨਿਰਣੈ ਲਿਆ। ਉਨ੍ਹਾਂ ਨੇ ਆਪਣੇ ਸਮੇਂ ਦੇ ਕਈ ਅਜਿਹੇ ਅੰਧਵਿਸ਼ਵਾਸਾਂ ਨੂੰ ਪੂਰੀ ਨਿਡਰਤਾ ਨਾਲ ਖਤਮ ਕਰਨ ਦਾ ਯਤਨ ਕੀਤਾ। ਰੂੜੀਵਾਦੀ ਮਾਨਤਾਵਾਂ ਨੂੰ ਚੁਣੌਤੀ ਦੇਣ ਦੇ ਇਸ ਬੇਬਾਕ ਫੈਸਲੇ ਨੇ ਭਗਤ ਕਬੀਰ ਦੀ ਧਾਰਮਿਕ ਸੁਧਾਰ ਸੋਚ ਨੂੰ ਕਿਵੇਂ ਪ੍ਰਗਟ ਕੀਤਾ, ਅਤੇ ਇਸ ਘਟਨਾ ਰਾਹੀਂ ਉਨ੍ਹਾਂ ਨੇ ਸਮਾਜ ਨੂੰ ਕੀ ਸਮਝਾਇਆ ਅਤੇ ਅਸਲ ਮੁਕਤੀ ਦੇ ਕੀ ਅਰਥ ਦਰਸਾਏ?

੩. ਗੰਗਾ ਦੇ ਖੇਤਰ ਵਿਚ ਗੁਰੂ ਨਾਨਕ ਦੀ ਵਿਚਾਰਧਾਰਾ ਦੇ ਪ੍ਰਸਾਰ ਵਿਚ ਉਦਾਸੀਨ ਸਾਧੂਆਂ ਨੇ ਕਿਵੇਂ ਯੋਗਦਾਨ ਪਾਇਆ?
ਇਹ ਐਪੀਸੋਡ ਇਸ ਤੱਥ ‘ਤੇ ਜ਼ੋਰ ਦਿੰਦਾ ਹੈ ਕਿ 'ਉਦਾਸੀਨ' ਸਾਧੂ ਗੁਰੂ ਨਾਨਕ ਦੀ ਵਿਚਾਰਧਾਰਾ ਨੂੰ ਦੂਰ-ਦਰਾਜ਼ ਦੇ ਖੇਤਰਾਂ ਤੱਕ ਪਹੁੰਚਾਉਣ ਵਿਚ ਮਹੱਤਵਪੂਰਨ ਭੂਮਿਕਾ ਨਿਭਾ ਚੁੱਕੇ ਹਨ। ਨਿਜ਼ਾਮਾਬਾਦ ਦੇ ਗੁਰਦੁਆਰਾ ਚਰਨ ਪਾਦੁਕਾ ਵਿਖੇ, 'ਗੁਰੂ ਗ੍ਰੰਥ ਸਾਹਿਬ' ਦੇ ੩੧ ਹੱਥ-ਲਿਖਤ ਸਰੂਪਾਂ ਨੂੰ ਹਾਲ ਵਿਚ ਚੰਗੀ ਤਰ੍ਹਾਂ ਸੰਭਾਲ ਕੇ ਰੱਖਿਆ ਹੋਇਆ ਸੀ। ਸੇਵਾ ਸੰਭਾਲ ਕਰ ਰਹੇ ਸਤਨਾਮ ਸਿੰਘ ਦੱਸਦੇ ਹਨ ਕਿ ਬਾਅਦ ਵਿੱਚ 'ਉਦਾਸੀਨ' ਸੰਪਰਦਾਇ ਨੇ ਗੁਰੂ ਨਾਨਕ ਦੀ

ਵਿਚਾਰਧਾਰਾ ਦੇ ਪ੍ਰਸਾਰ ਲਈ ਵੱਡੇ ਯਤਨ ਕੀਤੇ। 'ਗੁਰੂ ਗ੍ਰੰਥ ਸਾਹਿਬ' ਦੇ ੩੧ ਹੱਥ ਲਿਖਤ ਸਰੂਪ, ਜੋ ਉਨ੍ਹਾਂ ਨੇ ਤਿਆਰ ਕੀਤੇ ਸਨ, ਅੱਜ ਵੀ ਇੱਥੇ ਮਹਫੂਜ਼ ਹਨ। ਤ੍ਰਿਵੇਣੀ (ਤਿੰਨ ਨਦੀਆਂ ਦਾ ਸੰਗਮ) 'ਤੇ, ਗੁਰੂ ਨਾਨਕ ਨਾਲ ਜੁੜੇ ਇਕ ਸਥਾਨ ਦੀ ਸੇਵਾ ਸੰਭਾਲ ਬਾਬਾ ਪੰਚ ਨੰਦ ਵਲੋਂ ਕੀਤੀ ਗਈ, ਜੋ ਭਗਤ ਭਗਵਾਨ ਦੇ ੧੪ਵੇਂ ਉੱਤਰਾਧਿਕਾਰੀ ਸਨ। ਭਗਤ ਭਗਵਾਨ ਇਕ 'ਉਦਾਸੀਨ' ਸਾਧੂ ਸਨ, ਜਿਨ੍ਹਾਂ ਨੂੰ ਸੱਤਵੇਂ ਸਿੱਖ ਗੁਰੂ, ਗੁਰੂ ਹਰ ਰਾਇ ਵਲੋਂ ਗੁਰੂ ਨਾਨਕ ਦੀ ਵਿਚਾਰਧਾਰਾ ਦੇ ਪ੍ਰਸਾਰ ਦੀ ਸੇਵਾ ਸੌਂਪੀ ਗਈ ਸੀ। ਇਹ ਪ੍ਰਮਾਣ ਕਿਵੇਂ ਦਰਸਾਉਂਦੇ ਹਨ ਕਿ ਗੁਰੂ ਨਾਨਕ ਦੇ ਸੰਦੇਸ਼ ਨੂੰ ਸੰਭਾਲਣ ਅਤੇ ਫੈਲਾਉਣ ਵਿਚ ਉਦਾਸੀਨ ਸੰਪਰਦਾਇ ਨੇ ਇਤਿਹਾਸਕ ਤੌਰ 'ਤੇ ਕੀ ਭੂਮਿਕਾ ਨਿਭਾਈ, ਅਤੇ ਕਿਹੜੇ ਕਾਰਣ ਸਨ ਜਿੰਨ੍ਹਾਂ ਨੇ ਉਨ੍ਹਾਂ ਨੂੰ ਇਸ ਮਿਸ਼ਨ ਪ੍ਰਤੀ ਵਿਸ਼ੇਸ਼ ਤੌਰ 'ਤੇ ਸਮਰਪਿਤ ਕੀਤਾ?

੪. ਸਥਾਨਕ ਭਾਈਚਾਰਿਆਂ, ਜਿਵੇਂ ਕਿ ਕਾਇਸਥ, ਨੇ ਗੁਰੂ ਨਾਨਕ ਦੇ ਰੂਹਾਨੀ ਸਿਧਾਂਤ 'ਤੇ ਕਿਵੇਂ ਪ੍ਰਤੀਕਿਰਿਆ ਕੀਤੀ?

ਇਸ ਐਪੀਸੋਡ ਵਿਚ ਦਸਿਆ ਗਿਆ ਹੈ ਕਿ ਸਥਾਨਕ 'ਕਾਇਸਥ' ਭਾਈਚਾਰਾ, ਜੋ ਨਿਜ਼ਾਮਾਬਾਦ ਦੇ ਉੱਚ ਜਾਤੀ ਹਿੰਦੂ ਸਨ, ਨੂੰ 'ਉਦਾਸੀਨ' ਸਾਧੂਆਂ ਵਲੋਂ ਗੁਰੂ ਨਾਨਕ ਦੀ ਵਿਚਾਰਧਾਰਾ ਨਾਲ ਜਾਣੂ ਕਰਾਇਆ ਗਿਆ। ਗੁਰੂ ਨਾਨਕ ਦੇ ਸੰਦੇਸ਼ ਤੋਂ ਪ੍ਰਭਾਵਿਤ ਹੋ ਕੇ, ਸਥਾਨਕ 'ਕਾਇਸਥ' ਭਾਈਚਾਰੇ ਨੇ ਉਨ੍ਹਾਂ ਦੀ ਵਿਚਾਰਧਾਰਾ ਨੂੰ ਰੂਹ ਤੋਂ ਅਪਣਾਇਆ, ਪਰ ਉਨ੍ਹਾਂ ਵਿਚ ਹੁਣ ਇਹ ਰੁਝਾਨ ਘੱਟਦਾ ਜਾ ਰਿਹਾ ਹੈ ਅਤੇ ਸਿਰਫ਼ ਪੁਰਾਣੀ ਪੀੜ੍ਹੀ ਹੀ ਇਸ ਅਕੀਦੇ ਨਾਲ ਲਗਾਵ ਨੂੰ ਵੇਖਿਆ ਜਾ ਸਕਦਾ ਹੈ। ਸਥਾਨਕ ਕਾਇਸਥ ਚਰਨਦੀਪ ਸਿੰਘ ਗੌਰ ਇਕ ਇਤਿਹਾਸਕ ਤੱਥ ਸਾਂਝਾ ਕਰਦੇ ਹਨ ਕਿ ਜਦੋਂ ਗੁਰੂ ਨਾਨਕ ਇਥੇ ਆਏ, ਤਾਂ ਉਨ੍ਹਾਂ ਦੇ ਗਿਆਨ ਤੋਂ ਪ੍ਰਭਾਵਤ ਹੋ ਕੇ, ਲਗਭਗ ੨੫੦ 'ਗੌਰ ਕਾਇਸਥ' (ਹਿੰਦੂ ਸਮਾਜਿਕ ਢਾਂਚੇ ਦੀ ਇਕ ਜਾਤੀ) ਵਸਨੀਕਾਂ ਵਿਚੋਂ ੧੫੦ ਨੇ ਉਨ੍ਹਾਂ ਦੀ ਸੋਚ ਨੂੰ ਧਾਰਨ ਅਤੇ ਉਨ੍ਹਾਂ ਦੇ ਮਾਰਗ ਤੇ ਤੁਰ ਪਏ। ਉਹ ਅੱਗੇ ਦੱਸਦੇ ਹਨ ਕਿ ਉਨ੍ਹਾਂ ਨੇ ਇਕ 'ਕਾਇਸਥ' ਪਰਿਵਾਰ ਵਿਚ ਵਿਆਹ ਕੀਤਾ, ਜੋ ਗੁਰੂ ਨਾਨਕ ਦੇ ਮਾਰਗ ਤੇ ਧਾਰਨੀ ਨਹੀਂ ਸਨ, ਪਰ ਜਦ ਉਨ੍ਹਾਂ ਦੀ ਪਤਨੀ ਇਥੇ ਆਈ, ਤਾਂ ਉਸ ਨੇ 'ਗੁਰੂ ਗ੍ਰੰਥ ਸਾਹਿਬ' ਦਾ ਪਾਠ ਕਰਨਾ ਸ਼ੁਰੂ ਕੀਤਾ ਅਤੇ ਹੁਣ ਰੋਜ਼ਾਨਾ ਪੰਜ ਪਾਠ ਕਰਦੀ ਹੈ। ਉਨ੍ਹਾਂ ਦੇ ਬੱਚੇ ਵੀ ਇਸ ਮਰਿਯਾਦਾ ਦੀ ਪਾਲਨਾ ਕਰਦੇ ਹਨ। ਇਹ ਵੇਰਵਾ ਕਿਵੇਂ ਦੱਸਦਾ ਹੈ ਕਿ ਵੱਖ-ਵੱਖ ਭਾਈਚਾਰਿਆਂ ਨੇ

ਇਤਿਹਾਸਕ ਤੌਰ ਤੇ ਗੁਰੂ ਨਾਨਕ ਦੀ ਵਿਚਾਰਧਾਰਾ ਨੂੰ ਅਪਣਾਇਆ, ਅਤੇ ਸਮੇਂ ਦੇ ਨਾਲ ਇਹ ਸੰਬੰਧ ਕਿਵੇਂ ਵਿਕਸਤ ਹੋਇਆ?

੫. ਇਸ ਐਪੀਸੋਡ ਵਿਚ ਕੁੰਭ ਮੇਲੇ ਦੇ ਇਤਿਹਾਸਕ ਸੰਦਰਭ ਅਤੇ ਮਹੱਤਵ ਨੂੰ ਕਿਵੇਂ ਵਰਣਨ ਕੀਤਾ ਗਿਆ ਹੈ?
ਇਸ ਐਪੀਸੋਡ ਅਨੁਸਾਰ 'ਕੁੰਭ ਮੇਲਾ' ਇਕ ਅਜਿਹਾ ਤਿਉਹਾਰ ਹੈ, ਜੋ ੧੨ ਸਾਲਾਂ ਦੇ ਕ੍ਰਮ ਵਿਚ ਚਾਰ ਮੁੱਖ ਤੀਰਥ ਸਥਾਨਾਂ - ਇਲਾਹਾਬਾਦ, ਹਰਿਦੁਆਰ, ਨਾਸਿਕ ਅਤੇ ਉਜੈਨ ਵਿਚ ਮਨਾਇਆ ਜਾਂਦਾ ਹੈ, ਜੋ ਮੁੱਖ ਨਦੀਆਂ ਦੇ ਕੰਢਿਆਂ ਉਪਰ ਸਥਿਤ ਹਨ। ਇਹ ਮੇਲੇ ਦੀ ਉਤਪਤੀ ਨੂੰ ਵੀ ਸਮਝਾਉਂਦਾ ਹੈ: 'ਕੁੰਭ' ਦਾ ਅਰਥ ਇੱਕ ਗਰਭ ਹੁੰਦਾ ਹੈ, ਜੋ ਉਪਜਾਊਣ ਅਤੇ ਜੀਵਨ ਉਤਪਤੀ ਦੇ ਸਰੋਤ ਦਾ ਪ੍ਰਤੀਕ ਹੈ। 'ਮੇਲੇ' ਦਾ ਅਰਥ ਉਤਸਵ ਹੈ। ਇਹ ਉਤਸਵ ਇਤਿਹਾਸਕ ਤੌਰ ਤੇ ਆਤਮਿਕ ਵਿਚਾਰਧਾਰਾ ਉਤੇ ਚਰਚਾ ਅਤੇ ਸਦਾਚਾਰਿਕ ਜੀਵਨ ਜੀਉਣ ਲਈ ਕਾਇਮ ਕੀਤਾ ਗਿਆ ਸੀ। ਇਹ ਭਾਗ ਇਸ ਸਥਾਨ ਦੀ ਭੂਗੋਲਿਕ ਮਹੱਤਤਾ ਉੱਤੇ ਵੀ ਚਾਨਣ ਪਾਉਂਦਾ ਹੈ। ਭਾਵੇਂ ਇਥੇ ਕੇਵਲ ਦੋ ਨਦੀਆਂ ਦਾ ਸੰਗਮ ਹੈ, ਪਰ ਫਿਰ ਵੀ ਇਸ ਨੂੰ 'ਤ੍ਰਿਵੇਣੀ' ਕਿਹਾ ਜਾਂਦਾ ਹੈ, ਕਿਉਂਕਿ ਤੀਜੀ ਪੌਰਾਣਿਕ ਨਦੀ ਸਰਸਵਤੀ ਨੂੰ ਅਜੇ ਵੀ ਧਰਤੀ ਅੰਦਰ ਵਹਿੰਦੀ ਮੰਨਿਆ ਜਾਂਦਾ ਹੈ। ਇਹ ਸੰਦਰਭ ਸਾਨੂੰ ਗੁਰੂ ਨਾਨਕ ਦੀ ਇਸ ਸਥਾਨ ਦੀ ਯਾਤਰਾ ਦੇ ਮਹੱਤਵ ਨੂੰ ਸਮਝਣ ਵਿਚ ਕਿਵੇਂ ਮਦਦ ਕਰਦੇ ਹਨ, ਅਤੇ ਇਥੇ ਕਿਸ ਚੀਜ਼ ਨੇ ਉਨ੍ਹਾਂ ਨੂੰ ਯਾਤਰੀਆਂ ਨਾਲ ਸੰਵਾਦ ਕਰਨ ਵਾਸਤੇ ਆਕਰਸ਼ਿਤ ਕੀਤਾ ਹੋਵੇਗਾ?

੬. ਗੁਰੂ ਨਾਨਕ ਦੀ ਯਾਤਰਾ ਨੂੰ ਸਮਰਪਿਤ ਇਤਿਹਾਸਕ ਸਥਾਨਾਂ ਦੀ ਸੇਵਾ ਸੰਭਾਲ ਨੂੰ ਕਿਹੜੇ ਕਾਰਨਾਂ ਨੇ ਪ੍ਰਭਾਵਿਤ ਕੀਤਾ ਹੋਵੇਗਾ?
ਇਸ ਐਪੀਸੋਡ ਵਿਚ ਗੁਰੂ ਨਾਨਕ ਨਾਲ ਜੁੜੇ ਸਥਾਨਾਂ ਦੀ ਸੇਵਾ ਸੰਭਾਲ ਨੂੰ ਪ੍ਰਭਾਵਤ ਕਰਨ ਵਾਲੇ ਕਈ ਕਾਰਣਾਂ ਦਾ ਜ਼ਿਕਰ ਕੀਤਾ ਗਿਆ ਹੈ। ਨਿਜ਼ਾਮਾਬਾਦ ਦੇ ਗੁਰਦੁਆਰਾ ਚਰਨ ਪਾਦੁਕਾ ਦੇ ਸੰਦਰਭ ਵਿਚ ਦੱਸਿਆ ਗਿਆ ਕਿ ੨੦ਵੀਂ ਸਦੀ ਦੇ ਆਰੰਭਕ ਵਰਿਆਂ ਦੀਆਂ ਸਮਾਜਿਕ-ਰਾਜਨੀਤਕ ਘਟਨਾਵਾਂ ਨੇ ਗੁਰੂ ਨਾਨਕ ਦੇ ਪੈਰੋਕਾਰਾਂ ਨੂੰ ਵੰਡ ਦਿੱਤਾ, ਜਿਸ ਕਾਰਣ ਕਈ ਸਾਲਾਂ ਤੱਕ ਇਸ ਗੁਰਦੁਆਰੇ ਦੀ ਸੰਭਾਲ ਨਾ ਹੋ ਸਕੀ। ਪਿਛਲੇ ਕੁਝ ਸਾਲਾਂ ਤੋਂ ਇਸ ਗੁਰਦੁਆਰੇ ਦੀ ਸੇਵਾ ਸੰਭਾਲ ਫਿਰ ਤੋਂ ਸ਼ੁਰੂ ਕੀਤੀ ਗਈ ਹੈ। ਤਮਸਾ ਨਦੀ ਦੇ ਕੰਢੇ ਸਥਿਤ ਇਕ ਹੋਰ ਗੁਰਦੁਆਰੇ

ਦੀ ਸੇਵਾ ਸੰਭਾਲ ਵੀ ਚਰਨ ਪਾਦੁਕਾ ਗੁਰਦੁਆਰਾ ਦੀ ਪ੍ਰਬੰਧਕ ਕਮੇਟੀ ਕਰ ਰਹੀ ਹੈ, ਪਰ ਇਸ ਗੁਰਦੁਆਰੇ ਵਿਚ ਅਜੇ ਵੀ ਕਿਸੇ ਸਾਂਝੇ ਧਾਰਮਿਕ ਸਮਾਗਮ ਨੂੰ ਆਯੋਜਿਤ ਨਹੀਂ ਕੀਤਾ ਜਾਂਦਾ। ਇਹ ਰੁਝਾਨ ਸਾਨੂੰ ਗੁਰੂ ਨਾਨਕ ਦੀਆਂ ਯਾਤਰਾਵਾਂ ਦੀ ਇਤਿਹਾਸਕ ਯਾਦ ਨੂੰ ਸੰਭਾਲਣ ਵਿਚ ਆਉਣ ਵਾਲੀਆਂ ਚੁਣੌਤੀਆਂ ਬਾਰੇ ਕੀ ਦੱਸਦੇ ਹਨ, ਅਤੇ ਕਿਹੜੇ ਸਮਾਜਿਕ, ਰਾਜਨੀਤਿਕ ਅਤੇ ਵਾਤਾਵਰਣਿਕ ਕਾਰਨਾਂ ਨੇ ਇਨ੍ਹਾਂ ਸਥਾਨਾਂ ਦੀ ਦੁਰਦਸ਼ਾ ਅਤੇ ਪੁਨਰ-ਸੁਰਜੀਤੀ ਵਿਚ ਯੋਗਦਾਨ ਪਾਇਆ ਹੈ?

## ਦਾਰਸ਼ਨਿਕ ਚਰਚਾ ਨੁਕਤੇ:

੧. ਗੁਰੂ ਨਾਨਕ ਅਤੇ ਭਗਤ ਕਬੀਰ ਦੇ ਦਾਰਸ਼ਨਿਕ ਦ੍ਰਿਸ਼ਟੀਕੋਣਾਂ ਦੀ ਤੁਲਨਾ ਰੂੜੀਵਾਦੀ ਮਾਨਤਾਵਾਂ ਦੇ ਸੰਦਰਭ ਵਿਚ ਕਿਸ ਤਰ੍ਹਾਂ ਕੀਤੀ ਜਾ ਸਕਦੀ ਹੈ?
ਇਸ ਐਪੀਸੋਡ ਵਿਚ ਦਸਿਆ ਗਿਆ ਹੈ ਕਿ ਗੁਰੂ ਨਾਨਕ ਅਤੇ ਭਗਤ ਕਬੀਰ ਆਪਣੀ ਬਾਣੀ ਵਿਚ ਅਨੁਭਵਾਤਮਕ ਗਿਆਨ ਅਤੇ ਭਗਤੀ ਦੇ ਮਹੱਤਵ ਨੂੰ ਮੂਰਤੀਪੂਜਾ ਤੋਂ ਉੱਪਰ ਰੱਖਿਆ ਹੈ। ਭਗਤ ਕਬੀਰ ਨੂੰ ਇੱਕ ਗ਼ੈਰ-ਪਰੰਪਰਾਵਾਦੀ ਸਖ਼ਸ਼ੀਅਤ ਵਜੋਂ ਦਰਸਾਇਆ ਗਿਆ ਹੈ, ਜਿਨ੍ਹਾਂ ਨੇ ਪੁਰੋਹਿਤ ਵਰਗ, ਸੰਸਥਾਗਤ ਧਰਮ ਅਤੇ ਫ਼ੋਕੀਆਂ ਰਸਮਾਂ ਦਾ ਵਿਰੋਧ ਕੀਤਾ, ਕਿਉਂਕਿ ਇਹ ਸਭ ਵਿਚਾਰਾਂ ਦੀ ਅਜ਼ਾਦੀ ਅਤੇ ਗਿਆਨ ਪ੍ਰਾਪਤੀ ਵਿਚ ਰੁਕਾਵਟ ਬਣਦੇ ਸਨ। ਇਸੇ ਤਰ੍ਹਾਂ, ਜਦ ਤ੍ਰਿਵੇਣੀ ਵਿਖੇ ਲੋਕਾਂ ਨੇ ਗੁਰੂ ਨਾਨਕ ਤੋਂ ਪੁੱਛਿਆ ਕਿ ਧਾਰਮਿਕ ਕਿਰਿਆਵਾਂ ਦੀ ਪਾਲਨਾ ਕਰਨ ਦੇ ਬਾਵਜੂਦ ਉਹ ਆਪਣੀਆਂ ਸਮੱਸਿਆਵਾਂ ਤੋਂ ਕਿਉਂ ਨਹੀਂ ਬਚ ਸਕਦੇ, ਤਾਂ ਉਨ੍ਹਾਂ ਨੇ ਉੱਤਰ ਦਿੱਤਾ ਕਿ ਬਾਹਰੀ ਰਸਮਾਂ ਦਾ ਕੋਈ ਮਹੱਤਵ ਨਹੀਂ। ਖੁਦ ਅਤੇ ਆਪਣੇ ਚੌਗਿਰਦੇ ਨਾਲ ਇਕਸੁਰਤਾ ਵਿਚ ਰਹਿਣ ਲਈ ਆਪਣੇ ਅੰਤਰੀਵ ਉਪਰ ਕੇਂਦਰਿਤ ਹੋਣਾ ਜ਼ਰੂਰੀ ਹੈ। ਦੋਵਾਂ ਰਹਿਬਰਾਂ ਨੇ ਸਮਾਜ ਨੂੰ ਇਕਜੁੱਟ ਕਰਨ ਅਤੇ ਸੁਧਾਰਨ ਲਈ ਬਹੁਤ ਯਤਨ ਕੀਤੇ। ਧਾਰਮਿਕ ਥੋਥੀਆਂ ਮਾਨਤਾਵਾਂ ਦੇ ਇਹ ਸਮਾਂਨਤਰ ਆਲੋਚਕ ਉਸ ਸਮੇਂ ਦੀਆਂ ਸਮਾਜਿਕ ਰਵਾਇਤਾਂ ਨੂੰ ਕਿਵੇਂ ਦਰਸਾਉਂਦੇ ਹਨ, ਅਤੇ ਦੋਵਾਂ ਰਹਿਬਰਾਂ ਨੇ ਕਿਸ ਵਿਸ਼ੇਸ਼ ਦ੍ਰਿਸ਼ਟੀਕੋਣ ਰਾਹੀਂ ਰੂਹਾਨੀ ਗਿਆਨ ਦੀ ਪ੍ਰਾਪਤੀ ਲਈ ਕਰਮਕਾਂਡੀ ਰਸਮਾਂ ਨਾਲੋਂ ਅੰਤਰੀਵੀ ਰੁਪਾਂਤ੍ਰਣ ਨੂੰ ਤਰਜ਼ੀਹ ਦਿੱਤੀ?

੨. ਸਥਾਪਿਤ ਸਮਾਜਿਕ ਸ਼੍ਰੇਣੀਆਂ ਨੂੰ ਚੁਣੌਤੀ ਦੇਣ ਵਿੱਚ ਭਗਤ ਕਬੀਰ ਦੀ 'ਵਿਅੰਗਮਈ ਬਾਣੀ' (ਉਲਟ ਬਾਣੀ) ਸ਼ੈਲੀ ਦਾ ਕੀ ਮਹੱਤਵ ਹੈ?

ਇਸ ਐਪੀਸੋਡ ਵਿਚ ਭਗਤ ਕਬੀਰ ਦੀ ਵਿਲੱਖਣ ਸਾਹਿਤਕ ਸ਼ੈਲੀ, ਖ਼ਾਸ ਕਰਕੇ ਉਨ੍ਹਾਂ ਦੀ 'ਵਿਅੰਗਮਈ ਬਾਣੀ' ਦਾ ਜ਼ਿਕਰ ਕੀਤਾ ਗਿਆ ਹੈ। ਉਹ ਆਪਣੀ ਅਨੋਖੀ ਕਾਵਿ ਸ਼ੈਲੀ ਰਾਹੀਂ ਅਣਸੁਲਝੇ ਨੈਤਿਕ ਪ੍ਰਸ਼ਨ ਖੜ੍ਹੇ ਕਰਦੇ ਹਨ, ਅਤੇ ਸਾਧਕਾਂ ਨੂੰ ਇਨ੍ਹਾਂ ਦੇ ਉਤਰ ਆਪ ਲੱਭਣ ਲਈ ਪ੍ਰੇਰਿਤ ਕਰਦੇ ਹਨ। ਉਦਾਹਰਨ ਲਈ, ਭਗਤ ਕਬੀਰ ਦੀ ਬਾਣੀ ਵਿਚ ਇਕ ਸਬਦ ਦਾ ਭਾਵ ਇਸ ਤਰ੍ਹਾਂ ਹੈ; ਪਹਿਲਾਂ ਸੰਤਾਨ ਜਨਮ ਲੈਂਦੀ ਹੈ, ਫਿਰ ਮਾਂ, ਸ਼ੇਰ ਗਾਂ ਦੇ ਨਾਲ ਚਰਦਾ ਹੈ, ਅਤੇ ਗੁਰੂ, ਚੇਲੇ ਨੂੰ ਪ੍ਰਣਾਮ ਕਰਦਾ ਹੈ। ਇਹ ਬਾਣੀ ਵਿਰੋਧਾਭਾਸ਼ਾਂ ਦੀ ਦਿਲਚਸਪ ਤਸਵੀਰ ਪੇਸ਼ ਕਰਦੀ ਹੈ ਅਤੇ ਪਰੰਪਰਾਵਾਦੀ ਕੱਟੜਪੰਥੀ ਸੋਚ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਚੁਣੌਤੀ ਦਿੰਦੀ ਹੈ। ਇਸ ਤਰ੍ਹਾਂ, ਭਗਤ ਕਬੀਰ ਨੇ 'ਉੱਚਾ' ਅਤੇ 'ਨੀਵਾਂ', 'ਸ਼ੁੱਧ' ਅਤੇ 'ਅਸ਼ੁੱਧ', 'ਮਨੁੱਖ' ਅਤੇ 'ਪਸ਼ੂ' ਵਰਗੀ ਸਥਾਪਿਤ ਦਰਜ਼ੇ ਬੰਦੀ ਪ੍ਰਥਾਇ ਸਵਾਲ ਖੜ੍ਹੇ ਕੀਤੇ। ਉਨ੍ਹਾਂ ਦੀ ਇਹ ਸਾਹਿਤਕ ਵਿਧੀ ਪਰੰਪਰਾਵਾਦੀ ਸੋਚ ਨੂੰ ਖ਼ਤਮ ਕਰਨ ਲਈ ਇਕ ਦਾਰਸ਼ਨਿਕ ਔਜ਼ਾਰ ਦੀ ਤਰ੍ਹਾਂ ਕਿਸ ਤਰੀਕੇ ਨਾਲ ਕੰਮ ਕਰਦੀ ਹੈ, ਅਤੇ ਇਹ ਕਿਵੇਂ ਮੱਧਕਾਲੀਨ ਭਾਰਤੀ ਸਮਾਜ ਵਿਚ ਮੌਜੂਦ ਵਿਸ਼ੇਸ਼ ਸ਼੍ਰੇਣੀ ਵੰਡ ਨੂੰ ਚੁਣੌਤੀ ਦੇਣ ਦਾ ਯਤਨ ਕਰਦੀ ਹੈ?

੩. ਗੁਰੂ ਨਾਨਕ ਅਤੇ ਭਗਤ ਕਬੀਰ ਆਪਣੇ ਜੀਵਨ ਦੀ ਨਾਸ਼ਵੰਤਾ ਦੀ ਸਮਝ ਨੂੰ ਕਿਵੇਂ ਪ੍ਰਗਟ ਕਰਦੇ ਹਨ?

ਇਸ ਐਪੀਸੋਡ ਵਿਚ ਭਗਤ ਕਬੀਰ ਦਾ ਇਕ ਸਬਦ ਪੇਸ਼ ਕੀਤਾ ਗਿਆ ਹੈ, ਜਿਸ ਵਿੱਚ ਉਹ ਸੰਸਾਰ ਨੂੰ ਤ੍ਰੇਲ ਦੀ ਬੂੰਦ ਵਾਂਗ ਦੱਸਦੇ ਹਨ, ਜੋ ਹਵਾ ਦੇ ਝੋਕ ਨਾਲ ਖਤਮ ਹੋ ਜਾਂਦਾ ਹੈ। ਉਹ ਇਸ ਤੱਥ ਨੂੰ ਉਜਾਗਰ ਕਰਦੇ ਹਨ ਕਿ ਅਸੀਂ ਇਸ ਸੰਸਾਰ ਵਿਚ ਸਦਾ ਲਈ ਨਹੀਂ ਰਹਿ ਸਕਦੇ; ਇਹ ਦੁਨੀਆ ਇਕ ਪ੍ਰਦੇਸ਼ ਦੀ ਤਰ੍ਹਾਂ ਹੈ। ਇਕ ਹੋਰ ਸ਼ਬਦ ਵਿਚ ਉਹ ਕਹਿੰਦੇ ਹਨ ਕਿ ਅਸਲ ਗਿਆਨ ਇਕ ਲੰਗਰ ਵਾਂਗ ਹੈ। ਮਹੰਤ ਵੀਚਾਰ ਦਾਸ ਇਹ ਵੀ ਦੱਸਦੇ ਹਨ ਕਿ ਭਗਤ ਕਬੀਰ ਨੇ ਇਹ ਐਲਾਨ ਕੀਤਾ ਕਿ ਮਨੁੱਖ ਦੇ ਸਦਗੁਣ ਵਧੇਰੇ ਮਹੱਤਵਪੂਰਨ ਹਨ, ਕਿਉਂਕਿ ਅੰਤ ਵਿਚ ਸਰੀਰ ਕਿਸੇ ਕੰਮ ਦਾ ਨਹੀਂ ਰਹਿੰਦਾ। ਇਸ ਲਈ, ਵਿਅਕਤੀ ਨੂੰ ਮਾੜੀਆਂ ਆਦਤਾਂ ਨੂੰ ਛੱਡ ਕੇ ਚੰਗੇ ਗੁਣ ਅਪਣਾਉਣੇ ਚਾਹੀਦੇ ਹਨ। ਇਸੇ ਤਰ੍ਹਾਂ, ਗੁਰੂ ਨਾਨਕ ਵੀ ਇਹੀ ਸੰਦੇਸ਼ ਦਿੰਦੇ ਹਨ ਕਿ 'ਮੈਂ' ਅਤੇ 'ਮੇਰਾ' ਦੇ ਅਹੰਕਾਰ ਵਿਚ ਫਸ ਕੇ ਵਿਅਕਤੀ ਰੂਹਾਨੀ ਮੌਤ ਮਰਦਾ ਹੈ। ਜੀਵਨ ਦੀ ਇਸ ਨਾਸ਼ਵੰਤਾ ਬਾਬਤ ਉਨ੍ਹਾਂ ਦੇ ਵਿਚਾਰ ਉਨ੍ਹਾਂ ਦੇ ਰੂਹਾਨੀ ਦਰਸ਼ਨ ਨੂੰ ਕਿਵੇਂ ਘੜਦੇ ਹਨ, ਅਤੇ ਉਹ ਇਸ ਨਾਸ਼ਵੰਤਾ ਦੀ ਸਮਝ ਤੋਂ ਕਿਹੜੇ ਵਿਵਹਾਰਿਕ ਨਤੀਜੇ ਕੱਢਦੇ ਹਨ?

੪. ਗੁਰੂ ਨਾਨਕ ਦੀ ਤ੍ਰਿਵੇਣੀ ਵਿਖੇ ਸਾਂਝੀ ਕੀਤੀ ਰੂਹਾਨੀ ਅੰਤਰੀਵੀ ਦ੍ਰਿਸ਼ਟੀ ਮਾਨਸਿਕ ਸ਼ਾਂਤੀ ਪ੍ਰਾਪਤ ਕਰਨ ਦੇ ਬੰਧਨਾਂ ਨੂੰ ਕਿਵੇਂ ਸੰਬੋਧਨ ਕਰਦੀ ਹੈ?

ਤ੍ਰਿਵੇਣੀ ਵਿਚ, ਜਦੋਂ ਲੋਕਾਂ ਨੇ ਪੁੱਛਿਆ ਕਿ ਧਾਰਮਿਕ ਕਰਮ ਕਾਂਡਾਂ ਦੀ ਪਾਲਨਾ ਕਰਨ ਦੇ ਬਾਵਜੂਦ ਉਹ ਮਾਨਸਿਕ ਸ਼ਾਂਤੀ ਕਿਉਂ ਨਹੀਂ ਪ੍ਰਾਪਤ ਕਰ ਸਕਦੇ, ਤਾਂ ਗੁਰੂ ਨਾਨਕ ਨੇ ਉੱਤਰ ਦਿੱਤਾ ਕਿ ਵਿਅਕਤੀ ਦੀਆਂ ਵਾਸਨਾਵਾਂ ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਮਾਨਸਿਕ ਸ਼ਾਂਤੀ ਪ੍ਰਾਪਤ ਕਰਨ ਵਿਚ ਸਭ ਤੋਂ ਵੱਡੀਆਂ ਰੁਕਾਵਟਾਂ ਹਨ। ਇਨ੍ਹਾਂ ਤੋਂ ਬਿਨਾਂ ਵਿਅਕਤੀ ਆਨੰਦ ਦਾ ਅਨੁਭਵ ਨਹੀਂ ਕਰ ਸਕਦਾ। ਇਸ ਸਚਾਈ ਨੂੰ ਉਨ੍ਹਾਂ ਨੇ ਇਕ ਸਬਦ ਰਾਹੀਂ ਸਪਸ਼ਟ ਕੀਤਾ, ਜਿਸ ਵਿਚ ਉਹ ਕਹਿੰਦੇ ਹਨ ਕਿ ਲੋਭ ਕੁੱਤੇ ਵਾਂਗ ਹੈ, ਝੂਠ ਗੰਦਗੀ ਦੀ ਤਰ੍ਹਾਂ ਹੈ, ਅਤੇ ਧੋਖਾ, ਸੜ੍ਹਿਆ ਹੋਇਆ ਮਾਸ ਖਾਣ ਦੇ ਤੁਲ ਹੈ। ਦੂਜਿਆਂ ਦੀ ਨਿੰਦਾ ਕਰਨੀ ਇਸ ਤਰ੍ਹਾਂ ਹੈ ਜਿਵੇਂ ਕਿਸੇ ਹੋਰ ਦੀ ਗੰਦਗੀ ਆਪਣੇ ਮੂੰਹ ਵਿੱਚ ਪਾਉਣੀ। ਐਪੀਸੋਡ ਵਿਚ ਇਹ ਪੇਸ਼ ਕੀਤਾ ਗਿਆ ਹੈ ਕਿ ਮਨ ਦੀਆਂ ਪ੍ਰਵ੍ਰਿੱਤੀਆਂ ਵਿਅਕਤੀ ਦੇ ਕਰਮਾਂ ਨੂੰ ਪ੍ਰਭਾਵਿਤ ਕਰਦੀਆਂ ਹਨ ਅਤੇ ਉਸਦੇ ਭਵਿੱਖ ਨੂੰ ਆਕਾਰ ਦਿੰਦੀਆਂ ਹਨ। ਉੱਚ ਪ੍ਰਵ੍ਰਿੱਤੀਆਂ ਸ਼ਾਂਤੀ ਵੱਲ ਲੈ ਜਾਂਦੀਆਂ ਹਨ, ਜਦਕਿ ਨੀਵੀਂ ਪ੍ਰਵ੍ਰਿੱਤੀਆਂ ਦੁੱਖ ਦਾ ਕਾਰਨ ਬਣਦੀਆਂ ਹਨ। ਮਨੁਖੀ ਮਾਨਸਿਕਤਾ ਦੇ ਬੰਧਨਾਂ ਦਾ ਇਹ ਵਿਸ਼ਲੇਸ਼ਣ ਰੂਹਾਨੀ ਵਿਕਾਸ ਲਈ ਇਕ ਵਿਵਹਾਰਿਕ ਢਾਂਚਾ ਕਿਵੇਂ ਪੇਸ਼ ਕਰਦਾ ਹੈ, ਅਤੇ ਇਹ ਗੁਰੂ ਨਾਨਕ ਦੇ ਸਮੇਂ ਦੀਆਂ ਪਰੰਪਰਾਵਾਦੀ ਧਾਰਮਿਕ ਧਾਰਣਾਵਾਂ ਤੋਂ ਕਿਵੇਂ ਨਿਆਰਾ ਹੈ?

੫. ਗੁਰੂ ਨਾਨਕ ਕਰਮਕਾਂਡੀ ਰਸਮਾਂ ਅਤੇ ਅੰਤਰੀਵੀ ਰੁਪਾਂਤ੍ਰਣ ਪ੍ਰਤੀ ਕੀ ਦ੍ਰਿਸ਼ਟੀਕੋਣ ਰੱਖਦੇ ਹਨ?

ਜਦ ਤ੍ਰਿਵੇਣੀ ਵਿਖੇ ਯਾਤਰੀਆਂ ਨੇ ਪੁੱਛਿਆ ਕਿ ਤੀਰਥ ਕਰਨ, ਤਪੱਸਿਆ ਕਰਨ, ਆਪਣੇ ਆਪ ਨੂੰ ਕਸ਼ਟ ਦੇਣ ਅਤੇ ਨੰਗੇ ਰਹਿਣ ਦੇ ਬਾਵਜੂਦ ਉਹ ਆਪਣੇ ਅਹੰਕਾਰ, ਮਾੜੀਆਂ ਪ੍ਰਵ੍ਰਿੱਤੀਆਂ ਅਤੇ ਸਰੀਰਕ ਕਸ਼ਟਾਂ ਤੋਂ ਮੁਕਤ ਕਿਉਂ ਨਹੀਂ ਹੋ ਰਹੇ, ਤਾਂ ਗੁਰੂ ਨਾਨਕ ਨੇ ਉੱਤਰ ਦਿੱਤਾ ਕਿ ਸ਼ਾਂਤੀ ਕੇਵਲ ਸੰਤੁਲਨ ਰਾਹੀਂ ਹੀ ਮਿਲ ਸਕਦੀ ਹੈ, ਜੋ ਮਨੁੱਖ ਦਾ ਅੰਦਰੂਨੀ ਗੁਣ ਹੈ। ਉਨ੍ਹਾਂ ਦੀ ਰੂਹਾਨੀ ਅੰਤਰ ਦ੍ਰਿਸ਼ਟੀ ਇਹ ਸਪਸ਼ਟ ਕਰਦੀ ਹੈ ਕਿ ਨਾ ਤਾਂ ਦੁਖ ਵਿਚ ਕੋਈ ਸਚ ਹੈ ਅਤੇ ਨਾ ਹੀ ਸੁਖ ਵਿਚ। ਬਿਨ੍ਹਾਂ ਉਦੇਸ਼ ਪਸ਼ੂਆਂ ਵਾਂਗ ਪਾਣੀ ਵਿਚ ਭਟਕਣ ਦੀ ਤਰ੍ਹਾਂ, ਸਿਰ ਮੁੰਡਵਾਉਣ, ਕੇਵਲ ਗ੍ਰੰਥ ਪੜ੍ਹਨ ਅਤੇ ਇਧਰ-ਉਧਰ ਭਟਕਣ ਵਿਚ ਕੋਈ ਸਚਾਈ ਨਹੀਂ। ਇਹ ਭਾਗ ਗੁਰੂ ਨਾਨਕ ਦੇ ਦਰਸ਼ਨ ਦੀ ਖੂਬਸੂਰਤੀ ਨੂੰ ਉਭਾਰਦਾ ਹੈ, ਜੋ ਸਰਲ ਜੀਵਨ ਅਤੇ ਸਹੀ ਕਰਮਾਂ ਰਾਹੀਂ ਉਤਪੰਨ

ਹੋਣ ਵਾਲੇ ਸਕਾਰਾਤਮਕ ਪ੍ਰਵਾਹ ਦੁਆਰਾ ਆਤਮਿਕ ਉਥਾਨ ਦੇ ਮਹੱਤਵ ਨੂੰ ਦਰਸਾਉਂਦੀ ਹੈ। ਇਹ ਸੰਕਲਪ ਰੂਹਾਨੀ ਅਭਿਆਸ ਨੂੰ ਬਾਹਰੀ ਰਸਮਾਂ ਤੋਂ ਹਟਾ ਕੇ ਅੰਤਰੀਵੀ ਵਿਕਾਸ ਵੱਲ ਕਿਵੇਂ ਮੋੜਦੇ ਹਨ, ਅਤੇ ਗੁਰੂ ਨਾਨਕ ਦੁਆਰਾ ਪਰੰਪਰਾਵਾਦੀ ਤਪ ਅਭਿਆਸ ਬਾਰੇ ਦਿੱਤੇ ਕਿਹੜੇ ਵਿਕਲਪ ਪੇਸ਼ ਕਰਦੇ ਹਨ?

੬. ਗੁਰੂ ਨਾਨਕ ਅਤੇ ਭਗਤ ਕਬੀਰ ਰਵਾਇਤੀ ਯੁੱਗ ਸੰਕਲਪਾਂ (ਸਤਯੁਗ ਅਤੇ ਕਲਿਯੁਗ) ਦੀ ਪੁਨਰ-ਵਿਆਖਿਆ ਰੂਹਾਨੀ ਸਚਾਈਆਂ ਪ੍ਰਗਟ ਕਰਨ ਲਈ ਕਿਵੇਂ ਕਰਦੇ ਹਨ?
ਇਹ ਐਪੀਸੋਡ ਸਪਸ਼ਟ ਕਰਦਾ ਹੈ ਕਿ ਗੁਰੂ ਨਾਨਕ ਅਤੇ ਭਗਤ ਕਬੀਰ ਅਕਸਰ ਆਪਣੀ ਗੱਲ ਸਮਝਾਉਣ ਲਈ ਰੂਪਕਾਂ ਦੀ ਵਰਤੋਂ ਕਰਦੇ ਸਨ। 'ਸਤਯੁਗ', ਜੋ ਸਕਾਰਾਤਮਕਤਾ ਦਾ ਯੁੱਗ ਸੀ, ਅਤੇ 'ਕਲਿਯੁਗ', ਜੋ ਨਕਾਰਾਤਮਕਤਾ ਦਾ ਮੌਜੂਦਾ ਯੁੱਗ ਹੈ, ਇਹ ਭਾਰਤੀ ਗ੍ਰੰਥਾਂ ਵਿੱਚ ਦਰਜ ਸਮੇਂ ਦੀਆਂ ਧਾਰਣਾਵਾਂ ਹਨ। ਗੁਰੂ ਨਾਨਕ ਅਤੇ ਭਗਤ ਕਬੀਰ ਲਈ, ਇਹ ਸਿਰਫ਼ ਰੇਖਿਕ ਸਮੇਂ ਦੀਆਂ ਲਕੀਰਾਂ ਨਹੀਂ ਸਨ, ਬਲਕਿ ਮਾਨਸਿਕ ਅਵਸਥਾਵਾਂ ਦੀਆਂ ਪ੍ਰਤੀਕਾਤਮਕ ਪ੍ਰਗਟਾਵ ਸਨ। ਜਦ ਵੀ ਮਨ ਸਕਾਰਾਤਮਕ ਵਿਚਾਰਾਂ ਦੇ ਪ੍ਰਭਾਵ ਹੇਠ ਹੁੰਦਾ ਹੈ, ਉਹ ਸਮਾਂ 'ਸਤਯੁਗ' ਹੁੰਦਾ ਹੈ। ਇਸੇ ਤਰ੍ਹਾਂ, ਜਦ ਵੀ ਮਨ ਨਕਾਰਾਤਮਕ ਵਿਚਾਰਾਂ ਦੇ ਪ੍ਰਭਾਵ ਹੇਠ ਹੁੰਦਾ ਹੈ, ਤਾਂ ਉਹ ਸਮਾਂ 'ਕਲਿਯੁਗ' ਬਣ ਜਾਂਦਾ ਹੈ। ਗੁਰੂ ਨਾਨਕ ਬਾਣੀ ਇਹ ਦਰਸਾਉਂਦੀ ਹੈ ਕਿ ਰੂਹਾਨੀ ਸੰਘਰਸ਼ ਦੇ ਸਮੇਂ ਨਕਾਰਾਤਮਕਤਾ ਪ੍ਰਮੁੱਖ ਹੋ ਜਾਂਦੀ ਹੈ। ਰਵਾਇਤੀ ਸਮੇਂ ਦੇ ਚੱਕਰ ਬਾਰੇ ਕੀਤੀ ਇਹ ਨਵੀਂ ਵਿਆਖਿਆ, ਸਾਡੀ ਸੂਝ ਨੂੰ ਕਿਵੇਂ ਰੁਪਾਂਤ੍ਰਿਤ ਕਰਦੀ ਹੈ ਜਿਸ ਨਾਲ ਅਸੀਂ ਘਟਨਾਵਾਂ ਨੂੰ ਕੇਵਲ ਇਤਿਹਾਸਕ ਕ੍ਰਮ ਵਿਚ ਦੇਖਣ ਦੀ ਬਜਾਏ, ਇਨ੍ਹਾਂ ਨੂੰ ਗੂੜ ਅੰਦਰੂਨੀ ਮਾਨਸਿਕ ਅਨੁਭਵਾਂ ਦੇ ਤੌਰ 'ਤੇ ਸਮਝਣ ਦੇ ਯੋਗ ਹੋ ਸਕੀਏ? ਅਤੇ ਇਹ ਧਾਰਮਿਕ ਰਸਮਾਂ ਨੂੰ ਸਮਝਣ ਬਾਰੇ ਵੀ ਕੀ ਸੁਝਾਅ ਦਿੰਦੀ ਹੈ?

੭. ਗੁਰੂ ਨਾਨਕ ਦੁਆਰਾ ਦਿੱਤੀ ਜੀਵਨ ਜਾਚ ਵਿਚ 'ਨਾਮ' (ਸਿਮਰਨ) ਦਾ ਦਾਰਸ਼ਨਿਕ ਮਹੱਤਵ ਕੀ ਹੈ?
ਇਸ ਐਪੀਸੋਡ ਵਿਚ ਦਸਿਆ ਗਿਆ ਹੈ ਕਿ 'ਨਾਮ', ਅਰਥਾਤ ਸਿਮਰਨ ਦੀ ਸਾਧਨਾ, ਮਨ ਨੂੰ ਚੇਤਨਾ ਨਾਲ ਜੋੜਨ ਵਿਚ ਸਹਾਇਕ ਹੁੰਦੀ ਹੈ। ਗੁਰੂ ਨਾਨਕ ਦੀ ਬਾਣੀ ਇਸ ਤੱਥ ਨੂੰ ਖੋਲਦੀ ਹੈ ਕਿ ਚਿੰਤਨ ਸਹਿਜ ਵਿਚ ਲੈ ਜਾਂਦਾ ਹੈ ਅਤੇ ਆਤਮ ਪੜਚੋਲ ਸਨਮਾਨ ਦਿੰਦਾ ਹੈ। ਗਿਆਨ ਉਹ

ਅੰਮ੍ਰਿਤ ਹੈ, ਜੋ ਮੋਹ-ਮਾਇਆ ਦੇ ਵਿਸ਼ ਨੂੰ ਦੂਰ ਕਰਦਾ ਹੈ। ਅਨੁਭਵ ਅਜਿਹਾ ਅਨੰਦਾ ਦਿੰਦਾ ਹੈ ਜੋ ਮਨ ਵਿਚ ਨਿਵਾਸ ਕਰਦਾ ਹੈ। ਗੁਰੂ ਨਾਨਕ ਦੇ ਦਰਸ਼ਨ ਵਿਚ ਸਮਰਨ ਦੀ ਇਹ ਧਾਰਣਾ ਇਕ ਕੇਂਦਰੀ ਰੂਹਾਨੀ ਅਭਿਆਸ ਵਜੋਂ ਕਿਵੇਂ ਕੰਮ ਕਰਦੀ ਹੈ, ਅਤੇ ਇਹ ਹਉਮੈਂ 'ਤੇ ਜਿੱਤ ਪ੍ਰਾਪਤ ਕਰਨ ਅਤੇ ਅੰਤਰੀਵੀ ਰੁਪਾਂਤ੍ਰਣ ਦਾ ਅਨੁਭਵ ਕਰਨ ਲਈ ਵਿਆਪਕ ਪੱਧਰ 'ਤੇ ਕਿਵੇਂ ਸੰਬੰਧ ਸਥਾਪਿਤ ਕਰਦੀ ਹੈ?

੮. ਗੁਰੂ ਨਾਨਕ ਅਤੇ ਭਗਤ ਕਬੀਰ ਦੇ ਸੰਦੇਸ਼ ਸਮਾਜਿਕ ਵੰਡ ਅਤੇ ਭੇਦਭਾਵ ਨੂੰ ਕਿਵੇਂ ਸੰਬੋਧਨ ਕਰਦੇ ਹਨ?

ਮਹੰਤ ਵੀਚਾਰ ਦਾਸ ਦੱਸਦੇ ਹਨ ਕਿ ਮਨੁੱਖਤਾ ਨੂੰ ਨੀਵੇਂ ਅਤੇ ਉੱਚੇ ਭੇਦਾਂ ਦੇ ਆਧਾਰ 'ਤੇ ਵੰਡਿਆ ਗਿਆ। ਦੋਵਾਂ ਸੰਤਾਂ ਨੇ ਸਮਾਜ ਨੂੰ ਇਕਜੁੱਟ ਕਰਨ ਅਤੇ ਸੁਧਾਰਨ ਲਈ ਵੱਡੇ ਯਤਨ ਕੀਤੇ। ਉਹ ਅੱਗੇ ਦੱਸਦੇ ਹਨ ਕਿ ਭਗਤ ਕਬੀਰ ਨੇ ਇਹ ਸਪਸ਼ਟ ਕੀਤਾ ਕਿ ਮਨੁੱਖ ਦੇ ਸਦਗੁਣ ਮਹੱਤਵਪੂਰਨ ਹਨ, ਕਿਉਂਕਿ ਸਰੀਰ ਆਖ਼ਰਕਾਰ ਕਿਸੇ ਕੰਮ ਨਹੀਂ ਆਉਂਦਾ। ਇਸ ਲਈ, ਮਾੜੀਆਂ ਆਦਤਾਂ ਨੂੰ ਛੱਡੋ ਅਤੇ ਚੰਗੇ ਗੁਣ ਅਪਣਾਓ। ਸਮਾਜ ਦੀ ਭਲਾਈ ਲਈ ਕੰਮ ਕਰੋ ਅਤੇ ਭੇਦਭਾਵ ਤੋਂ ਉੱਪਰ ਉਠੋ। ਆਪਣੇ ਰੂਹਾਨੀ ਆਪੇ ਨੂੰ ਪਛਾਣੋ, ਕਿਉਂਕਿ ਇਹੀ ਮਨੁੱਖੀ ਜੀਵਨ ਦਾ ਇਕੋ-ਇਕ ਉਦੇਸ਼ ਹੈ। ਇਸ ਭਾਗ ਵਿਚ ਇਹ ਵੀ ਦਸਿਆ ਗਿਆ ਹੈ ਕਿ ਭਗਤ ਕਬੀਰ ਦਾ ਪ੍ਰਭਾਵ ਧਾਰਮਿਕ ਹੱਦਾਂ ਤੋਂ ਪਰੇ ਸੀ, ਜਿਸ ਤਰ੍ਹਾਂ ਮਗਹਰ ਵਿਖੇ ਜਿਥੇ ਉਹ ਬ੍ਰਹਮ ਲੀਨ ਹੋਏ ਸਨ ਉਨ੍ਹਾਂ ਦੀ ਯਾਦ ਵਿਚ ਇਕੋ ਸਥਾਨ ਵਿਚ ਮੰਦਰ ਅਤੇ ਸਮਾਧੀ ਦੋਵੇਂ ਬਣਾਏ ਗਏ ਹਨ। ਅੱਜ ਦੇ ਸਮੇਂ ਵਿਚ, ਜਦੋਂ ਸਮਾਜ ਧਾਰਮਿਕ ਵਿਸ਼ਵਾਸਾਂ ਦੇ ਆਧਾਰ 'ਤੇ ਵੰਡੇ ਜਾ ਰਹੇ ਹਨ ਤਾਂ ਇਹ ਅਸਥਾਨ ਅਨੇਕਤਾ ਵਿਚ ਏਕਤਾ ਦਾ ਪ੍ਰਤੀਕ ਹੈ। ਇਸ ਭਾਗ ਦੇ ਅੰਤ ਵਿਚ, ਬਿਰਤਾਂਤਕਾਰ ਇਹ ਸੋਚਦਾ ਹੈ ਕਿ ਕੀ ਅਸੀਂ ਸਭ ਗੁਰੂ ਨਾਨਕ ਦੇ ਏਕਤਾ ਦੇ ਸਿਧਾਂਤ ਤੋਂ ਭਟਕ ਗਏ ਹਾਂ, ਕਿਉਂਕਿ ਉਨ੍ਹਾਂ ਦੀ ਬਾਣੀ ਕਹਿੰਦੀ ਹੈ ਕਿ 'ਮੈਂ' ਅਤੇ 'ਮੇਰਾ' ਦੇ ਅਹੰਕਾਰ ਵਿਚ ਡੁੱਬ ਕੇ ਮਨੁੱਖ ਰੂਹਾਨੀ ਤੌਰ 'ਤੇ ਮਰ ਜਾਂਦਾ ਹੈ। ਇਹ ਸੰਦੇਸ਼ ਸਮਾਜਿਕ ਵੰਡਾਂ ਨੂੰ ਦੂਰ ਕਰਨ ਲਈ ਇਕ ਦਾਰਸ਼ਨਿਕ ਆਧਾਰ ਕਿਵੇਂ ਪ੍ਰਧਾਨ ਕਰਦੇ ਹਨ, ਅਤੇ ਸਮਾਜ ਵਿਚਲੇ ਭੇਦਭਾਵ ਨੂੰ ਮੁਖਾਤਿਬ ਹੋਣ ਲਈ ਉਹ ਕਿਹੜੀਆਂ ਕਿਹੜੀਆਂ ਖਾਸ ਵਿਧੀਆਂ ਅਪਣਾਉਣ ਬਾਰੇ ਕਹਿੰਦੇ ਹਨ?